# ਹਾਈਡਲਬਰਗ ਤੋਂ ਪ੍ਰਕਾਸ਼ਿਤ ਮਸੀਹੀ ਵਿਸ਼ਵਾਸ ਨਾਲ ਸੰਬੰਧਿਤ ਪ੍ਰਸ਼ਨ-ਉੱਤਰ

# The Heidelberg Catechism

*Translated by*
**Balhar Singh**
**Doaba Punjabi Christian Sabha**
**Khamachon, Banga**
**Nawanshahar, Punjab**
**14405 INDIA**

*Published by*
**The Hope Centre**
**of the United Reformed Churches in North America**
**265 Albion Road,**
**Toronto, Ontario, Canada**
**M9M 3P1**

**ISBN 0-9737140-1-8**

**Printed in Canada**

# ਵਿਸ਼ਾ ਸੂਚੀ

ਜਾਣ ਪਛਾਣ.........(ਸਵਾਲ 1-2)
ਭਾਗ I ਕਸ਼ਟ.........(ਸਵਾਲ 3-11)
ਭਾਗ II ਛੁਟਕਾਰਾ.........(ਸਵਾਲ 12-85)
ਪਰਮੇਸ਼ਵਰ ਪਿਤਾ.........(ਸਵਾਲ 26-28)
ਪਰਮੇਸ਼ਵਰ ਪੁੱਤਰ.........(ਸਵਾਲ 29-52)
ਪਰਮੇਸ਼ਵਰ ਪਵਿੱਤਰ ਆਤਮਾ.........(ਸਵਾਲ 53-64)
ਕਿਰਪਾ ਪਾਉਣ ਦੇ ਵਸੀਲੇ.........(ਸਵਾਲ 65-68)
ਬਪਤਿਸਮਾ.........(ਸਵਾਲ 69-74)
ਪ੍ਰਭੂ-ਭੋਜ (ਅੱਸ਼ਾਇ-ਰੱਬਾਨੀ).........(ਸਵਾਲ 75-85)
ਭਾਗ III ਸ਼ੁਕਰਗੁਜ਼ਾਰੀ.........(ਸਵਾਲ 86-129)
ਦਸ - ਹੁਕਮ.........(ਸਵਾਲ 92 - 115)
ਪ੍ਰਾਰਥਨਾ.........(ਸਵਾਲ 116-129)

# ਭੂਮਿਕਾ

ਈਲੈਕਟਰ ਫਰੈਡਰਿਕ ਤੀਸਰੇ ਨੇ ਹਾਈਡਲਬਰਗ ਵਿੱਚ ਸਥਿਤ ਆਪਣੇ ਕਿਲੇ ਵਿੱਚ ਰਹਿੰਦਿਆਂ 1559-1576 ਈਸਵੀ ਤੱਕ ਜਰਮਨੀ ਦੇ ਸੱਭ ਤੋਂ ਵੱਧ ਮਹੱਤਵਪੂਰਨ ਪ੍ਰਾਂਤ ਪੈਲੈਟੀਨੇਟ ਉੱਤੇ ਰਾਜ ਕੀਤਾ। 1562 ਈਸਵੀ ਵਿੱਚ ਉਸ ਨੇ ਸੇਵਕਾਂ ਅਤੇ ਸਿੱਖਿਆ ਦੇਣ ਵਾਲਿਆਂ ਦੀ ਅਗਵਾਈ ਕਰਨ ਲਈ ਇੱਕ ਨਵੀਂ ਸਵਾਲਾਂ ਅਤੇ ਉਹਨਾਂ ਦੇ ਉੱਤਰਾਂ ਵਾਲੀ ਪੁਸਤਕ ਤਿਆਰ ਕਰਨ ਦਾ ਹੁਕਮ ਦਿੱਤਾ ਤਾਂ ਕਿ ਲੋਕਾਂ ਨੂੰ ਮਸੀਹੀ ਵਿਸ਼ਵਾਸ ਨਾਲ ਸੰਬੰਧਿਤ ਹਦਾਇਤਾਂ ਦਿੱਤੀਆਂ ਜਾਣ। ਉਸ ਸਾਲ ਦੇ ਅੰਤ ਤੱਕ ਇਹ ਸਵਾਲਾਂ ਅਤੇ ਉੱਤਰਾਂ ਵਾਲੀ ਪੁਸਤਕ ਤਿਆਰ ਹੋ ਗਈ ਸੀ। ਜਨਵਰੀ ਦੇ ਆਰੰਭ ਵਿੱਚ ਹਾਈਡਲਬਰਗ ਵਿਖੇ ਇੱਕ ਕਲੀਸੀਆਈ ਅਧਿਕਾਰੀਆਂ ਦੀ ਸਭਾ ਦੁਆਰਾ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ ਅਤੇ 19 ਜਨਵਰੀ 1563 ਨੂੰ ਇਸ ਪੁਸਤਕ ਨੂੰ ਫਰੈਡਰਿਕ ਤੀਸਰੇ ਦੁਆਰਾ ਲਿਖੀ ਇਸ ਦੀ ਭੂਮਿਕਾ ਸਮੇਤ ਜਰਮਨ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਹਾਈਡਲਬਰਗ ਸਵਾਲ-ਉੱਤਰ ਨਾਂ ਦੀ ਪੁਸਤਕ, ਜਿਸ ਤਰਾਂ ਕਿ ਇਸ ਨੂੰ ਜਾਣਿਆ ਜਾਣ ਲੱਗਾ ਸੀ, ਬਿਨਾ ਸ਼ੱਕ ਸੱਭ ਤੋਂ ਵੱਧ ਇਸਤੇਮਾਲ ਕੀਤੀ ਗਈ ਅਤੇ ਭਰਪੂਰ ਪ੍ਰਸ਼ੰਸਾ ਪਾਈ ਹੋਈ ਸੁਧਾਰ ਅੰਦੋਲਨ ਦੇ ਸਮੇਂ ਦੀ ਮਸੀਹੀ ਵਿਸ਼ਵਾਸ ਨਾਲ ਸੰਬੰਧਿਤ ਸਵਾਲਾਂ ਅਤੇ ਉਨ੍ਹਾਂ ਦੇ ਉੱਤਰਾਂ ਵਾਲੀ ਪੁਸਤਕ ਹੈ।

ਇੱਕ ਪੁਰਾਣੀ ਪ੍ਰਥਾ ਜ਼ਕਰਯਾਹ ਉਰਸੀਨਸ ਅਤੇ ਕੈਸਪਰ ਓਲੇਵੀਅਨੱਸ ਨੂੰ ਇਸ ਪੁਸਤਕ ਦੇ ਪ੍ਰਾਰੰਭਿਕ ਲੇਖਕ ਹੋਣ ਦਾ ਮਾਣ ਪ੍ਰਦਾਨ ਕਰਦੀ ਹੈ। ਪਰ ਅਸੀਂ ਪੱਕੇ ਤੌਰ ਤੇ ਇਹੋ ਹੀ ਜਾਣਦੇ ਹਾਂ ਕਿ ਇਸ ਪੁਸਤਕ ਨੂੰ ਤਿਆਰ ਕਰਨ ਦਾ ਕੰਮ ਇੱਕ ਟੀਮ ਨੂੰ ਸੌਂਪਿਆ ਗਿਆ ਸੀ। ਈਲੈਕਟਰ ਜੀ ਆਪਣੀ ਭੂਮਿਕਾ ਵਿੱਚ ਕਿਸੇ ਵਿਸ਼ੇਸ਼ ਨਾਵਾਂ ਦਾ ਜ਼ਿਕਰ ਨਹੀਂ ਕਰਦੇ। ਬਲਕਿ ਸਾਨੂੰ ਇੰਨਾਂ ਹੀ ਦੱਸਦੇ ਹਨ ਕਿ ਅਧਿਆਤਮਿਕ ਸਿੱਖਿਆ ਨਾਲ ਸੰਬੰਧਿਤ ਉੱਚ ਵਿਵਸਾਇ ਦੇ ਮੈਂਬਰਾਂ, ਪ੍ਰਬੰਧਕਾਂ ਅਤੇ ਪਲੈਟੀਨੇਟ ਕਲੀਸੀਯਾ ਦੇ ਮੁੱਖ-ਅਧਿਕਾਰੀਆਂ, ਸਭਨਾਂ ਨੇ ਇਸ ਪ੍ਰਸ਼ਨਾਂ ਅਤੇ ਉਤਰਾਂ ਵਾਲੀ ਪੁਸਤਕ ਦੇ ਤਿਆਰ ਕਰਨ ਵਿੱਚ ਹਿੱਸਾ ਲਿਆ ਸੀ। ਇਹ ਗੱਲ ਜ਼ਰੂਰ ਹੈ ਕਿ ਇੱਕ ਟੋਲੀ ਦੇ ਦੁਆਰਾ ਕੀਤਾ ਜਾਣ ਵਾਲਾ ਇਹੋ ਜਿਹਾ ਕਾਰਜ ਜ਼ਿਆਦਾਤਰ ਇੱਕ ਜਾਂ ਦੋ ਵਿਅਕਤੀਆਂ ਉੱਤੇ ਹੀ ਨਿਰਭਰ ਕਰਦਾ ਹੈ ਜੋ ਕਿ ਪ੍ਰਾਰੰਭਿਕ ਰੂਪ-ਰੇਖਾ ਤਿਆਰ ਕਰਦੇ ਹਨ। ਜ਼ਿਆਦਾਤਰ ਅਧਿਕਾਰੀ ਇਹੋ ਹੀ ਵਿਸ਼ਵਾਸ ਕਰਦੇ ਹਨ ਕਿ ਇਸ ਪੁਸਤਕ (Heidelberg Catechism) ਦੀ ਰਚਨਾ ਵਿੱਚ ਇਹ ਮੁੱਖ ਅਦਾਕਾਰੀ ਉਰਸੀਨੱਸ ਜੀ ਨੇ ਕੀਤੀ ਸੀ ਭਾਂਵੇ ਕੁੱਝ ਲੋਕ ਇਹ ਸੋਚਦੇ ਹਨ ਕਿ ਹੋ ਸਕਦਾ ਹੈ ਇਹ ਕਾਰਜ ਉੱਲੇਵੀਐਨੱਸ ਨੇ ਕੀਤਾ ਹੋਵੇ।

ਇਸ ਪੁਸਤਕ ਦਾ ਦੂਸਰਾ ਅਤੇ ਤੀਸਰਾ ਜਰਮਨ ਐਡੀਸ਼ਨ ਪਹਿਲੇ ਐਡੀਸ਼ਨ ਤੋਂ ਕੁੱਝ ਹੀ ਮਹੀਨੇ ਬਾਅਦ ਤਿਆਰ ਹੋ ਗਿਆ ਸੀ। ਇਹਨਾਂ ਵਿੱਚੋਂ ਹਰੇਕ ਇਸ ਵਿੱਚ ਕੁੱਝ ਕੁ ਪੰਕਤੀਆਂ ਜੋੜਦਾ ਗਿਆ, ਜਿਸ ਨੂੰ ਬਾਅਦ ਵਿੱਚ ਅੱਠਵਾਂ ਐਡੀਸ਼ਨ ਆਖਿਆ ਜਾਣ ਲੱਗਾ। ਚੌਥਾ ਐਡੀਸ਼ਨ ਮੁੱਖ ਤੌਰ ਤੇ ਤੀਸਰੇ ਵਰਗਾ ਹੀ ਸੀ ਇਸ ਨੂੰ ਪਲੈਟੀਨੇਟ ਕਲੀਸੀਆ ਦੀ ਨਵੀਂ ਨਿਯਮਾਵਲੀ ਵਿੱਚ ਬਪਤਿਸਮੇ ਅਤੇ ਪ੍ਰਭੂ-ਭੋਜ ਦੀਆਂ ਵਿਧੀਆਂ ਦੇ ਵਿਚਕਾਰ ਜੋੜਿਆ ਗਿਆ ਸੀ ਜਿਸ ਨੂੰ 15 ਨਵੰਬਰ 1563 ਵਾਲੇ ਦਿਨ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਚੌਥਾ ਐਡੀਸ਼ਨ ਸਵੀਕਾਰ ਕੀਤੀ ਗਈ ਮੂਲ ਲਿਖਤ ਹੈ, ਜਿਸ ਦੀ ਵਰਤੋਂ ਸਾਰੇ ਜਗਤ ਵਿੱਚ ਮਸੀਹੀਆਂ ਦੇ ਦੁਆਰਾ ਕੀਤੀ ਜਾਂਦੀ ਹੈ। ਇਸ ਦਾ ਇੱਕ ਅਧਿਕਾਰਪੂਰਣ ਲਤੀਨੀ ਅਨੁਵਾਦ ਭੀ 1563 ਈਸਵੀਂ ਦੇ ਆਰੰਭਿਕ ਮਹੀਨਿਆਂ ਵਿੱਚ ਹਾਈਡਲਬਰਗ ਵਿਖੇ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਲਤੀਨੀ ਅਨੁਵਾਦ ਵਿੱਚ ਇਸ ਸਵਾਲਾਂ ਅਤੇ ਉੱਤਰਾਂ ਵਾਲੀ ਪੁਸਤਕ ਦੇ ਸਵਾਲਾਂ ਨੂੰ 52 ਭਾਗਾਂ ਵਿੱਚ ਵੰਡਿਆ ਗਿਆ ਸੀ, ਜਿਹਨਾਂ ਨੂੰ ਪ੍ਰਭੂ ਦੇ ਦਿਨ ਆਖਿਆ ਗਿਆ ਸੀ ਤਾਂ ਕਿ ਇੱਕ ਸੇਵਕ ਇਸ ਪੁਸਤਕ ਦੇ ਇੱਕ ਭਿੰਨ ਹਿੱਸੇ ਤੋਂ ਸਾਲ ਦੇ ਹਰ ਐਤਵਾਰ ਵਾਲੇ ਦਿਨ ਪ੍ਰਚਾਰ ਕਰ ਸਕੇ। ਇਸੀ ਪੁਸਤਕ ਦੇ ਬਾਅਦ ਦੇ ਐਡੀਸ਼ਨਾਂ ਅਤੇ ਅਨੁਵਾਦਾਂ ਵਿੱਚ ਇਹਨਾਂ ਸੁਧਾਰਾਂ ਨੂੰ ਜੋੜਿਆ ਗਿਆ ਸੀ।

1618-1619 ਈਸਵੀ ਵਿਚ ਡੌਰਟ ਵਿਖੇ ਹੋਈ ਪਾਸਬਾਨਾਂ ਦੀ ਸਭਾ ਵਿੱਚ ਯੂਰੋਪ ਦੀਆਂ ਰੀਫੌਰਮਡ ਕਲੀਸੀਆਵਾਂ ਦੇ ਨੁਮਾਇੰਦਿਆਂ ਨੇ ਇਸ ਹਾਈਡਲਬਰਗ ਕੈਟੇਖਿਜ਼ਮ ਨਾਂ ਦੀ ਪੁਸਤਕ ਦੀ, ਇਸ ਦੀ ਅਧਿਆਪਨ ਕਲਾ ਅਤੇ ਸਿੱਖਿਆ ਨਾਲ ਸੰਬੰਧਿਤ ਵਿਸ਼ੇਸ਼ਤਾਈਆਂ ਦੇ ਕਾਰਨ, ਭਰਪੂਰ ਸ਼ਲਾਘਾ ਕੀਤੀ। ਇਹ ਜਲਦੀ ਹੀ ਸਾਰੀਆਂ ਮਸੀਹੀ ਵਿਸ਼ਵਾਸ ਨਾਲ ਸੰਬੰਧਤ ਪ੍ਰਸ਼ਨ-ਉੱਤਰਾਂ ਅਤੇ ਇਕਰਾਰ ਪੁਸਤਕਾਂ ਵਿੱਚੋਂ ਸੱਭ ਤੋਂ ਵੱਧ ਮਨਭਾਊ ਪੁਸਤਕ ਬਣ ਗਈ ਸੀ। ਇਹ ਹਾਈਡਲਬਰਗ ਕੈਟੇਕਿਜ਼ਮ ਨਾਂ ਦੀ ਪੁਸਤਕ ਜ਼ਿਆਦਾਤਰ ਯੂਰੋਪੀਅਨ ਭਾਸ਼ਾਵਾਂ ਅਤੇ ਕਈ ਏਸ਼ੀਅਨ ਅਤੇ ਅਫਰੀਕਾ ਦੀਆਂ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤੀ ਜਾ ਚੁੱਕੀ ਹੈ।

1968 ਈਸਵੀ ਵਿੱਚ ਹੋਈ, ਕ੍ਰਿਸ਼ਚੀਅਨ ਰੀਫੌਰਮਡ ਚਰਚ ਦੀ ਪਾਸਬਾਨਾਂ ਦੀ ਸਭਾ ਨੇ ਇਸ ਹਾਈਡਲਬਰਗ ਕੈਟੇਕਿਜ਼ਮ ਨਾਂ ਦੀ ਪੁਸਤਕ ਦਾ ਇੱਕ ਨਵਾਂ ਅੰਗਰੇਜ਼ੀ ਅਨੁਵਾਦ ਤਿਆਰ ਕਰਨ ਲਈ ਇੱਕ ਕਮੇਟੀ ਨਿਯੁਕਤ ਕੀਤੀ, ਇੱਕ ਆਧੁਨਿਕ ਅਤੇ ਢੁੱਕਵਾਂ ਅਨੁਵਾਦ ਤਿਆਰ ਕਰਨ ਲਈ ਜੋ ਕਿ ਹਾਈਡਲਬਰਗ ਕੈਟੇਕਿਜ਼ਮ ਦੀ ਇਕ ਅਧਿਕਾਰਪੂਰਨ ਲਿਖਤ ਵਜੋਂ ਵਰਤਿਆ ਜਾਵੇਗਾ ਅਤੇ ਪ੍ਰਸ਼ਨ-ਉੱਤਰ ਕਲਾ ਨਾਲ ਪ੍ਰਚਾਰ ਕਰਨ ਲਈ ਅਗਵਾਈ ਕਰਨ ਵਿੱਚ ਮੱਦਦ ਕਰੇਗਾ। ਕਿਉਂਕਿ ਬਾਈਬਲ ਦੇ ਹਵਾਲੇ (Revised Standarrd Version)ਵਿੱਚੋਂ ਇਸ ਪ੍ਰਸ਼ਨਾਂ ਉੱਤਰਾਂ ਵਾਲੀ ਪੁਸਤਕ ਦੇ ਨਵੇਂ ਅਨੁਵਾਦ ਵਿੱਚ ਇਸਤੇਮਾਲ ਕੀਤੇ ਜਾਣੇ ਸਨ, ਇਸ ਕਰਕੇ ਪਾਸਬਾਨਾਂ ਦੀ ਸਭਾ ਨੇ ਇੱਕ ਹੋਰ ਕਮੇਟੀ ਦੀ ਨਿਯੁਕਤੀ ਭਿੰਨ-ਭਿੰਨ ਉੱਤਰਾਂ ਨਾਲ ਸੰਬੰਧਿਤ ਦਿੱਤੇ ਬਾਈਬਲ ਦੇ ਹਵਾਲਿਆਂ ਵਾਰੇ ਦੁਬਾਰਾ ਵਿਚਾਰ ਕਰਨ ਲਈ ਕੀਤੀ। ਇਸ ਪੁਸਤਕ ਦਾ ਨਵਾਂ ਅੰਗ੍ਰੇਜ਼ੀ ਅਨੁਵਾਦ ਮਾਨਤਾ ਪ੍ਰਾਪਤ ਬਾਈਬਲ ਬਾਣੀ ਦੇ ਹਵਾਲਿਆਂ ਸਮੇਤ 1975 ਈਸਵੀ ਵਿੱਚ ਹੋਈ ਕ੍ਰਿਸ਼ਚੀਅਨ ਰੀਫੌਰਮਡ ਚਰਚ ਦੀ ਪਾਸਬਾਨਾਂ ਦੀ ਸਭਾ ਦੁਆਰਾ ਅਪਣਾਇਆ ਗਿਆ ਸੀ।

1986 ਈਸਵੀ ਵਿੱਚ ਹੋਈ ਕ੍ਰਿਸ਼ਚੀਅਨ ਰੀਫੌਰਮਡ ਚਰਚ ਦੀ ਪਾਸਬਾਨਾਂ ਦੀ ਸਭਾ ਨੇ ਇਸ ਪੁਸਤਕ ਵਿੱਚ ਇਸਤੇਮਾਲ ਕੀਤੇ ਬਾਈਬਲ ਬਾਣੀ ਦੇ ਹਵਾਲਿਆਂ ਨੂੰ New International Version (NIV) ਵਿੱਚ ਤਬਦੀਲ ਕਰਨ ਦੇ ਕਾਰਜ ਵਾਸਤੇ ਨਵੀਂ ਕਮੇਟੀ ਨਿਯੁਕਤ ਕੀਤੀ। ਇਸ ਕਮੇਟੀ ਦਾ ਹੋਰ ਕੰਮ ਇਸ ਪੁਸਤਕ ਉੱਤੇ ਪੁਨਰ ਵਿਚਾਰ ਕਰਨ ਤੋਂ ਬਾਅਦ ਇਸ ਦੀ ਮੂਲ ਲਿਖਤ ਵਿੱਚ ਜ਼ਰੂਰੀ ਸਮਝੀਆਂ ਜਾਣ ਵਾਲੀਆਂ ਤਬਦੀਲੀਆਂ ਦੀ ਸਿਫਾਰਿਸ਼ ਕਰਨਾ ਸੀ। ਪਾਸਬਾਨਾਂ ਦੀ ਇਸ ਸਭਾ ਨੇ ਇਸ ਕਮੇਟੀ ਨੂੰ ਇਸ ਪੁਸਤਕ ਦੇ ਪ੍ਰਸ਼ਨਾਂ-ਉੱਤਰਾਂ ਵਿੱਚ ਮੁੱਖ ਤੌਰ ਤੇ ਰਲਵੀਂ ਮਿਲਵੀਂ ਭਾਸ਼ਾ ਦਾ ਇਸਤੇਮਾਲ ਕਰਨ ਅਤੇ ਜਿੱਥੇ ਵੀ ਜ਼ਰੂਰੀ ਹੋਵੇ ਉੱਥੇ ਰਸੂਲਾਂ ਦੇ ਵਿਸ਼ਵਾਸ ਦੇ ਨਵੇਂ ਅਨੁਵਾਦ ਦੇ ਸ਼ਬਦਾਂ ਨੂੰ ਸ਼ਾਮਲ ਕਰਨ ਦਾ ਨਿਰਦੇਸ਼ ਦਿੱਤਾ। ਇਸ ਹਾਈਡਲਬਰਗ ਕੈਟੇਕਿਜ਼ਮ ਨਾਂ ਦੀ ਪੁਸਤਕ ਦੇ ਵਰਤਮਾਨ ਐਡੀਸ਼ਨ ਵਿੱਚ ਇਹ ਤਬਦੀਲੀਆਂ ਸ਼ਾਮਲ ਹਨ ਜਿਹਨਾਂ ਨੂੰ 1988 ਈਸਵੀ ਵਿੱਚ ਕ੍ਰਿਸ਼ਚੀਅਨ ਰੀਫੌਰਮਡ ਚਰਚ ਦੀ ਪਾਸਬਾਨਾਂ ਦੀ ਸਭਾ ਦੁਆਰਾ ਮਾਨਤਾ ਦਿੱਤੀ ਗਈ ਸੀ।

# (The Heideberg Catechism)

## ਹਾਈਡਲਬਰਗ ਤੋਂ ਪ੍ਰਕਾਸ਼ਿਤ ਮਸੀਹੀ ਵਿਸ਼ਵਾਸ ਨਾਲ ਸੰਬੰਧਿਤ ਪ੍ਰਸ਼ਨ-ਉੱਤਰ

### ਪ੍ਰਭੂ ਦਾ ਪਹਿਲਾ ਦਿਨ

**ਸਵਾਲ 1 ਜ਼ਿੰਦਗੀ ਅਤੇ ਮੌਤ ਵਿੱਚ ਆਪ ਲਈ ਇੱਕੋ ਇਕ ਦਿਲਾਸਾ ਕੀ ਹੈ ?**

**ਉੱਤਰ** ਇਹ ਕਿ ਮੈਂ ਆਪਣੇ ਆਪਦਾ ਨਹੀ ਹਾਂ[1]
ਬਲਕਿ ਜ਼ਿੰਦਗੀ ਅਤੇ ਮੌਤ ਦੀ ਹਾਲਤ ਵਿੱਚ,
ਮੇਰੀ ਦੇਹ ਅਤੇ ਜਾਨ [2]
ਮੇਰੇ ਵਫਾਦਾਰ ਮੁਕਤੀਦਾਤਾ ਯਿਸੂ ਮਸੀਹ ਦੀ ਹੈ [3]।

ਉਸ ਨੇ ਆਪਣੇ ਬਹੁਮੁੱਲੇ ਲਹੂ ਦੇ ਦੁਆਰਾ ਮੇਰੇ ਸਾਰੇ ਪਾਪਾਂ
ਦਾ ਪੂਰਾ-ਪੂਰਾ ਹਰਜਾਨਾ ਅਦਾ ਕਰ ਦਿੱਤਾ ਹੈ[4]
ਅਤੇ ਉਸ ਨੇ ਮੈਨੂੰ ਸ਼ੈਤਾਨ ਦੇ ਜ਼ੁਲਮ ਤੋਂ ਆਜ਼ਾਦ ਕਰ ਦਿੱਤਾ ਹੈ [5]।
ਉਹ ਮੇਰੇ ਉੱਤੇ ਆਪਣੀ ਨਜ਼ਰ ਇਸ ਤਰਾਂ ਲਗਾਈ ਰੱਖਦਾ ਹੈ [6]
ਕਿ ਹੁਣ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਤੋਂ ਬਿਨਾ ਮੇਰੇ ਸਿਰ ਦਾ
ਇੱਕ ਵਾਲ ਵੀ ਨਹੀਂ ਗਿਰ ਸਕਦਾ[7]।
ਅਸਲ ਵਿੱਚ ਹੁਣ ਸਾਰੀਆਂ ਗੱਲਾਂ ਨੂੰ ਮਿਲ ਕੇ ਮੇਰੀ ਮੁਕਤੀ
ਲਈ ਹੀ ਕਾਰਜ ਕਰਨਾ ਪੈਣਾ ਹੈ।[8]

ਕਿਉਂਕਿ ਮੈਂ ਉਸਦਾ ਹਾਂ, ਇਸ ਕਰਕੇ ਮਸੀਹ,
ਉਸ ਦੇ ਪਵਿੱਤਰ ਆਤਮਾ ਦੇ ਦੁਆਰਾ ਮੈਨੂੰ ਸਦੀਪਕ ਜੀਵਨ
ਵਾਰੇ ਨਿਸ਼ੱਚਿਤ ਕਰਦਾ ਹੈ[9]।
ਅਤੇ ਹੁਣ ਤੋਂ ਮੈਨੂੰ ਪੂਰੇ ਦਿਲੋਂ ਉਸ ਲਈ ਜੀਉਣ
ਵਾਸਤੇ ਖਾਹਿਸ਼ਮੰਦ ਅਤੇ ਤਿਆਰ ਕਰਦਾ ਹੈ।[10]

1 ਪਹਿਲਾ ਕੁਰਿੰਥੀਆਂ 6:19-20
2 ਰੋਮੀਆਂ 14: 7-9
3 ਪਹਿਲਾਂ ਕੁਰਿੰਥੀਆਂ 3:23, ਤੀਤਸੁ 2: 14
4 ਪਹਿਲਾ ਪਤਰਸ 1: 18-19, ਪਹਿਲਾ ਯੂਹੰਨਾ 1:7-9, 2:2
5 ਯੂਹੰਨਾ 8: 34-36, ਇਬਰਾਨੀਆਂ 2:14-15, ਪਹਿਲਾ ਯੂਹੰਨਾ 3:1-11
6 ਯੂਹੰਨਾ 6: 39-40, 10: 27-30, ਦੂਸਰਾ ਥੱਸੁਲੁਨੀਕੀਆਂ 3:3, ਪਹਿਲਾ ਪਤਰਸ 1:5
7 ਮੱਤੀ 10: 29-31, ਲੂਕਾ 21: 16-18
8 ਰੋਮੀਆਂ 8:28
9 ਰੋਮੀਆਂ 8:15-16, ਦੂਸਰਾ ਕੁਰਿੰਥੀਆਂ 1: 21-22, 5:5, ਅਫਸੀਆਂ 1:13-14
10 ਰੋਮੀਆਂ 8: 1-17

**ਸਵਾਲ 2 ਇਸ ਦਿਲਾਸੇ ਦੇ ਆਨੰਦ ਵਿੱਚ ਹੋ ਕੇ ਜੀਉਣ ਅਤੇ ਮਰਨ ਵਾਸਤੇ ਆਪ ਲਈ ਕੀ ਕੁੱਝ ਜਾਨਣਾ ਜ਼ਰੂਰੀ ਹੈ ?**

**ਉੱਤਰ** ਇਸ ਵਾਸਤੇ ਤਿੰਨ ਗੱਲਾਂ ਦਾ ਜਾਨਣਾ ਜ਼ਰੂਰੀ ਹੈ :- ਪਹਿਲੀ ਇਹ ਕਿ ਮੇਰਾ ਪਾਪ ਅਤੇ ਕਸ਼ਟ ਕਿੰਨੇ ਵੱਡੇ ਹਨ[1]।, ਦੂਸਰੀ ਇਹ ਕਿ ਮੈਨੂੰ ਮੇਰੇ ਸਾਰੇ ਪਾਪਾਂ ਅਤੇ ਕਸ਼ਟਾਂ ਤੋਂ ਕਿਵੇ ਆਜ਼ਾਦ ਕੀਤਾ ਜਾਣਾ ਹੈ[2], ਤੀਸਰੀ ਇਹ ਕਿ ਇਹੋ ਜਿਹੇ ਛੁਟਕਾਰੇ ਲਈ ਮੈਨੂੰ ਕਿਵੇਂ ਪਰਮੇਸ਼ਵਰ ਦਾ ਧੰਨਵਾਦ ਕਰਨਾ ਚਾਹੀਦਾ ਹੈ[3]।

1 ਰੋਮੀਆਂ 3: 9-10, ਪਹਿਲਾ ਯੂਹੰਨਾ 1: 1-10
2 ਯੂਹੰਨਾ 17:3, ਰਸੂਲਾਂ ਦੇ ਕਰਤੱਬ 4:12, 10:43
3 ਮੱਤੀ 5:16, ਰੋਮੀਆਂ 6:13, ਅਫਸੀਆਂ 5:8-10, ਦੂਸਰਾ ਤਿਮੋਥਿਉਸ 2:15, ਪਹਿਲਾ ਪਤਰਸ 2:9-10



## ਭਾਗ ਪਹਿਲਾ-ਕਸ਼ਟ

### ਪ੍ਰਭੂ ਦਾ ਦੂਸਰਾ ਦਿਨ

**ਸਵਾਲ 3 ਆਪ ਆਪਣੇ ਕਸ਼ਟ ਵਾਰੇ ਕਿਵੇਂ ਜਾਣਦੇ ਹੋ ?**

**ਉੱਤਰ** ਪਰਮੇਸ਼ਵਰ ਦੀ ਬਿਵਸਥਾ (ਸ਼ਰ੍ਹਾ) ਇਸ ਵਾਰੇ ਮੈਨੂੰ ਦੱਸਦੀ ਹੈ[1]।

1 ਰੋਮੀਆਂ 3:20, 7:7-25

**ਸਵਾਲ 4 ਪਰਮੇਸ਼ਵਰ ਦੀ ਬਿਵਸਥਾ ਸਾਥੋਂ ਦੀ ਮੰਗ ਕਰਦੀ ਹੈ ?**

**ਉੱਤਰ** ਮੱਤੀ ਦੀ ਇੰਜੀਲ ਦੇ 22 ਅਧਿਆਇ ਵਿੱਚ ਮਸੀਹ ਯਿਸੂ ਦੀ ਸੰਖੇਪ ਵਿਚ ਇਸ ਵਾਰੇ ਸਾਨੂੰ ਸਿਖਾਉਂਦੇ ਹਨ-

ਤੁਸੀਂ ਪ੍ਰਭੂ, ਆਪਣੇ ਪਰਮੇਸੁਰ ਨੂੰ
ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ
ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ[1]।

ਇਹ ਪਹਿਲੀ ਅਤੇ ਸੱਭ ਤੋਂ ਮਹਾਨ ਹੁਕਮ ਹੈ।

ਅਤੇ ਦੂਸਰਾ ਹੁਕਮ ਇਹ ਹੈ :-

ਆਪਣੇ ਗਵਾਂਢੀ ਨੂੰ ਆਪਣੇ ਜੇਹਾ ਪਿਆਰ ਕਰੋ[2]।

ਸਾਰੀ ਸ਼ਰ੍ਹਾ ਅਤੇ ਨਬੀਆਂ ਦੀਆਂ ਲਿਖਤਾਂ ਇਹਨਾਂ ਦੋਹਾਂ
ਹੁਕਮਾਂ ਨਾਲ ਸੰਬੰਧਿਤ ਹਨ :-

1 ਵਿਬਸਥਾ ਸਾਰ 6:5
2 ਲੇਵੀਆਂ 19:18

**ਸਵਾਲ 5 ਕੀ ਆਪ ਸੰਪੂਰਨ ਤੌਰ ਤੇ ਇਸ ਸੱਭ ਦੇ ਅਨੁਸਾਰ ਜੀ ਸਕਦੇ ਹੋ ?**

**ਉੱਤਰ** ਨਹੀਂ[1]!
ਮੇਰੇ ਅੰਦਰ ਮੇਰੇ ਗੁਆਂਢੀ ਅਤੇ ਪ੍ਰਮੇਸ਼ਵਰ ਨਾਲ ਘਿਣ ਕਰਨ
ਵਾਲਾ ਇੱਕ ਸੁਭਾਵਿਕ ਝੁਕਾਓ ਪਾਇਆ ਜਾਂਦਾ ਹੈ[2]।

1 ਰੋਮੀਆਂ 3: 9-20, 23, ਪਹਿਲਾ ਯੂਹੰਨਾ 1:8, 10
2 ਉਤਪਤ 6:5, ਯਿਰਮਿਯਾਹ 17:9, ਰੋਮੀਆਂ 7: 23-24, 8:7, ਅਫਸੀਆਂ 2:1-3, ਤੀਤੁਸ 3:3

## ਪ੍ਰਭੂ ਦਾ ਤੀਸਰਾ ਦਿਨ

**ਸਵਾਲ 6 ਕੀ ਪਰਮੇਸ਼ਵਰ ਨੇ ਹੀ ਲੋਕਾਂ ਨੂੰ ਇੰਨੇ ਜ਼ਿਆਦਾ ਦੁਸ਼ਟ ਅਤੇ ਉਲਟੇ ਰਚਿਆ ਸੀ ?**

**ਉੱਤਰ** ਨਹੀ!

ਪਰਮੇਸੁਰ ਨੇ ਤਾਂ ਉਹਨਾਂ ਨੂੰ ਭਲੇ[1] ਅਤੇ ਉਸਦੇ ਆਪਣੇ ਸਰੂਪ ਉੱਤੇ ਰਚਿਆ ਸੀ[2],
ਭਾਵ ਸੱਚੀ ਧਾਰਮਿਕਤਾ ਅਤੇ ਪਵਿੱਤਰਤਾਈ ਵਿੱਚ[3]
ਤਾਂ ਕਿ ਉਹ ਸੱਚਮੁਚ ਪਰਮੇਸੁਰ ਭਾਵ ਉਹਨਾਂ ਦੇ ਰਚਨਹਾਰ ਨੂੰ ਜਾਣ ਲੈਣ[4],
ਆਪਣੇ ਸਾਰੇ ਦਿਲ ਨਾਲ ਉਸ ਨੂੰ ਪਿਆਰ ਕਰਨ,
ਅਤੇ ਉਸ ਦੀ ਉਸਤਤਿ ਅਤੇ ਮਹਿਮਾ ਕਰਨ ਲਈ
ਉਸ ਦੇ ਨਾਲ ਅਬਦੀ ਅਨੰਦ ਵਿੱਚ ਜੀਉਣ[5]।

1 ਉੱਤਪਤ 1:31
2 ਉੱਤਪਤ 1: 26-27
3 ਅਫਸੀਆਂ 4:24
4 ਕੁਲੁੱਸੀਆਂ 3:10
5 ਜ਼ਬੂਰ 8

**ਸਵਾਲ 7 ਫਿਰ ਇਹ ਭਰਿਸ਼ਟ ਮਨੁੱਖੀ ਸੁਭਾਓ ਕਿਥੋਂ ਆਉਂਦਾ ਹੈ ?**

**ਉੱਤਰ** ਸਾਡੇ ਮੂਲ ਮਾਪਿਆਂ, ਆਦਮ ਅਤੇ ਹੱਵਾਹ ਦੇ ਦੁਆਰਾ ਅਦਨ ਦੇ ਬਾਗ ਵਿੱਚ ਪਰਮੇਸ਼ਵਰ ਦੀ ਨਾਂ-ਫਰਮਾਨੀ ਕਰਨ ਅਤੇ ਪਾਪ ਵਿੱਚ ਪੈ ਜਾਣ ਤੋਂ[1]।

ਉਨ੍ਹਾਂ ਦੇ ਇਸ ਤਰਾਂ ਪਾਪ ਵਿੱਚ ਪੈ ਜਾਣ ਨੇ ਸਾਡੇ ਸੁਭਾਓ ਵਿੱਚ ਇਹੋ ਜਿਹਾ ਜ਼ਹਿਰ ਭਰ ਦਿੱਤਾ ਸੀ[2] ਕਿ ਅਸੀਂ ਜਨਮ ਤੋਂ ਹੀ ਪਾਪੀ ਹਾਂ, ਠੀਕ ਗਰਭ ਵਿੱਚ ਪੈਣ ਤੋਂ ਹੀ ਭਰਿਸ਼ਟ ਹਾਂ[3]।

1 ਉੱਤਪਤ 3 ਅਧਿਆਇ।
2 ਰੋਮੀਆਂ 5:12, 18-19
3 ਜ਼ਬੂਰ 51:5

**ਸਵਾਲ 8 ਪਰ ਕੀ ਅਸੀਂ ਇੰਨੇ ਜ਼ਿਆਦਾ ਭਰਿਸ਼ਟ ਹਾਂ ਕਿ ਅਸੀਂ ਪੂਰੀ ਤਰਾਂ ਕੁਝ ਭੀ ਭਲਾ ਕਰਨ ਦੇ ਯੋਗ ਨਹੀ ਹਾਂ ਅਤੇ ਪੂਰੀ ਤਰਾਂ ਬੁਰਾਈ ਵੱਲ੍ਹ, ਝੁਕਾਅ ਰੱਖਣ ਵਾਲੇ ਹਾਂ ?**

**ਉੱਤਰ** ਜੀ ਹਾਂ[1]! ਜਦੋਂ ਤੱਕ ਅਸੀਂ ਪਰਮੇਸ਼ਰ ਦੇ ਆਤਮਾ ਦੁਆਰਾ
ਨਵੇਂ ਸਿਰਿਉਂ ਨਹੀਂ ਜੰਮਦੇ[2]।

1 ਉਤਪਤ 6:5, 8:21, ਅੱਯੂਬ 14:4, ਯਸਾਯਾਹ 53:6
2 ਯੂਹੰਨਾ 3:3-5



## ਪ੍ਰਭੂ ਦਾ ਚੌਥਾ ਦਿਨ

**ਸਵਾਲ 9 ਪਰ ਜੋ ਕੁੱਝ ਅਸੀਂ ਕਰਨ ਦੇ ਅਯੋਗ ਹਾਂ,
ਪ੍ਰਮੇਸ਼ਵਰ ਦੁਆਰਾ ਬਿਵਸਥਾ ਵਿੱਚ ਉਸੇ ਦੀ ਮੰਗ
ਕਰਨ ਨਾਲ ਕੀ ਉਹ ਸਾਡੇ ਨਾਲ ਬੇਇਨਸਾਫੀ ਨਹੀਂ ਕਰਦਾ ?**

**ਉੱਤਰ** ਨਹੀਂ, ਪਰਮੇਸ਼ਵਰ ਨੇ ਮਨੁੱਖਾਂ ਨੂੰ ਬਿਵਸਥਾ ਦੇ ਪੂਰਾ ਕਰਨ ਦੀ ਯੋਗਤਾ ਦੇ ਨਾਲ ਰਚਿਆ ਸੀ[1],
ਪਰ ਫਿਰ ਵੀ ਸ਼ੈਤਾਨ ਦੁਆਰਾ ਭਰਮਾਏ ਜਾਣ[2],
ਅਤੇ ਲਾਪਰਵਾਹ ਨਾਂ-ਫਰਮਾਨੀ[3]
ਦੇ ਦੁਆਰਾ ਉਨ੍ਹਾਂ ਨੇ ਆਪਣੇ ਆਪ ਅਤੇ ਆਪਣੀ ਸਾਰੀ ਅੰਸ ਨੂੰ ਇਹਨਾਂ ਬਰਦਾਨਾਂ ਤੋਂ ਵਾਂਝਿਆ ਕਰ ਲਿਆ ਸੀ[4]।

1 ਉਤਪਤ 1:31, ਅਫਸੀਆਂ 4:24
2 ਉਤਪਤ 3:13, ਯੂਹੰਨਾ 8:44
3 ਉਤਪਤ 3:6
4 ਰੋਮੀਆਂ 5:12, 18,19

**ਸਵਾਲ 10 ਕੀ ਪਰਮੇਸੁਰ ਇਹੋ ਜਿਹੀ ਨਾਂ-ਫਰਮਾਨੀ
ਅਤੇ ਬਗਾਵਤ ਨੂੰ ਬਿਨਾਂ ਸਜ਼ਾ ਦਿੱਤੀਆਂ ਜਾਣ ਦੇਵੇਗਾ ?**

**ਉੱਤਰ** ਬਿਲਕੁੱਲ ਨਹੀਂ।
ਉਹ ਉਸ ਪਾਪ ਤੋਂ ਬਹੁਤ ਨਾਰਾਜ਼ ਹੈ
ਜਿਸ ਦੇ ਵਿੱਚ ਅਸੀਂ ਪੈਦਾ ਹੋਏ ਹਾਂ ਅਤੇ ਉਨ੍ਹਾਂ ਪਾਪਾਂ ਤੋਂ ਭੀ ਜੋ
ਅਸੀਂ ਨਿੱਜੀ ਤੌਰ ਤੇ ਕਰਦੇ ਹਾਂ,

ਇੱਕ ਸੱਚਾ ਨਿਆਈ ਹੁੰਦੇ ਹੋਇਆਂ
ਪਰਮੇਸ਼ੁਰ ਉਨ੍ਹਾਂ ਨੂੰ ਹੁਣ ਅਤੇ ਸਦਾਕਾਲ ਵਿੱਚ ਸਜ਼ਾ ਦਿੰਦਾ ਹੈ[1]।

ਉਸ ਨੇ ਐਲਾਨ ਕਰ ਦਿੱਤਾ ਹੈ ਕਿ,
"ਸਰਾਪਤ ਹੋਵੇ ਹਰੇਕ ਜਿਹੜਾ ਉਹਨਾਂ ਸੱਭਨਾਂ ਗੱਲਾਂ ਦੇ ਕਰਨ ਵਿੱਚ ਜਿਹੜੀਆਂ ਸ਼ਰ੍ਹਾ ਦੀ ਪੁਸਤਕ ਵਿੱਚ ਲਿਖੀਆਂ ਹਨ, ਲੱਗਾ ਨਹੀਂ ਰਹਿੰਦਾ।[2]"

1 ਕੂਚ 34:7, ਜ਼ਬੂਰ 5:4-6, ਨਹੂਮ 1:2, ਰੋਮੀਆਂ 1:18, ਅਫਸੀਆਂ 5:6, ਇਬਰਾਨੀਆਂ 9:27
2 ਗਲਾਤੀਆਂ 3:10, ਬਿਵਸਥਾ ਸਾਰ 27:26

**ਸਵਾਲ 11 ਪਰ ਕੀ ਪਰਮੇਸ਼ਰ ਤਰਸ ਕਰਨ ਵਾਲਾ ਭੀ ਨਹੀਂ ਹੈ ?**

**ਉਤਰ** ਪਰਮੇਸ਼ੁਰ ਸੱਚਮੁੱਚ ਤਰਸ ਕਰਨ ਵਾਲਾ ਹੈ[1],
ਪਰ ਉਹ ਧਰਮੀ ਵੀ ਹੈ[2]।
ਉਸ ਦਾ ਨਿਆਂ ਇਹ ਮੰਗ ਕਰਦਾ ਹੈ ਕਿ ਪਾਪ ਜੋ ਉਸ ਦੀ ਸਰਬਉੱਚ ਸ਼ਾਨ ਹੈ ਦੇ ਵਿਰੁੱਧ ਕੀਤਾ ਜਾਂਦਾ ਹੈ, ਉਸ ਨੂੰ ਸਰਬਉੱਚ ਹਰਜਾਨੇ ਨਾਲ ਸਜਾ ਦਿੱਤੀ ਜਾਵੇ - ਸਰੀਰ ਅਤੇ ਜਾਨ ਦੀ ਅਬਦੀ ਸਜ਼ਾ। [3]

1 ਕੂਚ 34: 6 -7, ਜਬੂਰ 103: 8-9
2 ਕੂਚ 34:7, ਬਿਵਸਥਾ ਸਾਰ 7:9-11, ਜ਼ਬੂਰ 5:4-6, ਇਬਰਾਨੀਆਂ 10:30-31
3 ਮੱਤੀ 25: 35-46

## ਭਾਗ ਦੂਜਾ - ਛੁਟਕਾਰਾ

### ਪ੍ਰਭੂ ਦਾ 5 ਵਾਂ ਦਿਨ

**ਸਵਾਲ 12 ਪਰਮੇਸ਼ੁਰ ਦੇ ਸੱਚੇ ਨਿਆਂ ਦੇ ਅਨੁਸਾਰ ਸਾਨੂੰ ਇਸ ਜਗਤ ਵਿੱਚ ਅਤੇ ਉਸ ਤੋਂ ਬਾਅਦ ਹਮੇਸ਼ਾ ਵਾਸਤੇ ਸਜ਼ਾ ਮਿਲਣੀ ਚਾਹੀਦੀ ਹੈ। ਫਿਰ ਅਸੀਂ ਇਸ ਸਜ਼ਾ ਤੋਂ ਕਿਵੇਂ ਬਚ ਸਕਦੇ ਹਾਂ ਅਤੇ ਪਰਮੇਸ਼ਵਰ ਦੀ ਹਿਮਾਇਤ ਕਿਵੇਂ ਪ੍ਰਾਪਤ ਕਰ ਸਕਦੇ ਹਾਂ ?**

**ਉੱਤਰ** ਪਰਮੇਸ਼ੁਰ ਇਹ ਮੰਗ ਕਰਦਾ ਹੈ ਕਿ ਉਸ ਦੇ ਨਿਆਂ ਨੂੰ ਸੰਤੁਸ਼ਟ ਕੀਤਾ ਜਾਵੇ[1]।
ਇਸ ਕਰਕੇ ਉਸ ਦੇ ਨਿਆਂ ਦੇ ਦਾਅਵਿਆਂ ਨੂੰ ਸੰਪੂਰਨ ਤੌਰ ਤੇ
ਪੂਰਾ ਕੀਤਾ ਜਾਣਾ ਜਰੂਰੀ ਹੈ ਜਾਂ ਤਾਂ ਖੁਦ ਸਾਡੇ ਵਲੋਂ, ਜਾਂ ਫਿਰ ਕਿਸੇ ਹੋਰ ਦੇ ਦੁਆਰਾ[2]।

1 ਕੂਚ 23: 7, ਰੋਮੀਆਂ 2:1-11
2 ਯਸਾਯਾਹ 53:11, ਰੋਮੀਆਂ 8: 3-4

**ਸਵਾਲ 13 ਕੀ ਅਸੀਂ ਇਸ ਕਰਜ਼ੇ ਦੀ ਅਦਾਇਗੀ ਖੁਦ ਕਰ ਸਕਦੇ ਹਾਂ ?**

**ਉੱਤਰ** ਬਿਲੱਕੁਲ ਨਹੀਂ !

ਅਸਲ ਵਿੱਚ ਅਸੀਂ ਤਾਂ ਆਪਣੇ ਦੋਸ਼ ਵਿੱਚ ਹਰ ਰੌਜ ਵਾਧਾ ਕਰਦੇ ਜਾਂਦੇ ਹਾਂ[1]।

1 ਮੱਤੀ 6:12, ਰੋਮੀਆਂ 2: 4-5

**ਸਵਾਲ 14 ਕੀ ਕੋਈ ਹੋਰ ਪ੍ਰਾਣੀ, ਕੋਈ ਵੀ ਇਹ ਇਸ ਕਰਜ਼ ਦੀ ਅਦਾਇਗੀ ਸਾਡੇ ਥਾਂ ਕਰ ਸਕਦਾ ਹੈ ?**

**ਉੱਤਰ** ਨਹੀਂ !
ਪਹਿਲੀ ਗੱਲ ਤਾਂ ਇਹ ਕਿ
ਜੋ ਦੋਸ਼ ਇੱਕ ਮਨੁੱਖ ਦਾ ਹੈ, ਉਸ ਦੇ ਬਦਲੇ ਪਰਮੇਸ਼ਰ ਕਿਸੇ ਹੋਰ
ਪ੍ਰਾਣੀ ਨੂੰ ਸਜ਼ਾ ਨਹੀਂ ਦੇਵੇਗਾ[1]।

ਇਸ ਤੋਂ ਇਲਾਵਾ -

ਕੋਈ ਵੀ ਪ੍ਰਾਣੀ ਪਾਪ ਦੇ ਵਿਰੁੰਧ ਪਰਮੇਸ਼ੁਰ ਦੇ ਅਬਦੀ ਗੁੱਸੇ ਦੇ ਭਾਰ ਨੂੰ

ਚੁੱਕ ਨਹੀਂ ਸਕਦਾ ਅਤੇ ਨਾਂ ਹੀ ਦੂਸਰਿਆਂ ਨੂੰ ਇਸ ਤੋਂ ਆਜ਼ਾਦ ਕਰ ਸਕਦਾ ਹੈ [2]।

1 ਹਿਜ਼ਕੀਏਲ 18:4, 20 ਇਬਰਾਨੀਆਂ 2: 14-18
2 ਜ਼ਬੂਰ 49: 7 - 9, 130:3

**ਸਵਾਲ 15 ਇਸ ਹਾਲਤ ਵਿਚ ਸਾਨੂੰ ਕਿਸ ਤਰਾਂ ਦੇ ਵਿਚੋਲੇ ਅਤੇ ਛੁਡਾਉਣ ਵਾਲੇ ਦੀ ਭਾਲ ਕਰਨੀ ਚਾਹੀਦੀ ਹੈ ?**

**ਉੱਤਰ** ਉਸ ਦੀ ਜੋ ਕਿ ਸੱਚ ਮੁੱਚ ਮਨੁੱਖ[1] ਅਤੇ ਧਰਮੀ ਹੋਵੇ[2],
ਪਰ ਫਿਰ ਭੀ ਸਾਰੇ ਪ੍ਰਾਣੀਆਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ , ਭਾਵ ਉਹ ਜੋ ਕਿ
ਸੱਚਮੁੱਚ ਪਰਮੇਸ਼ਵਰ ਹੋਵੇ[3]।

1 ਰੋਮੀਆਂ 1:3, ਪਹਿਲਾ ਕੁਰਿੰਥੀਆਂ 15:21, ਇਬਰਾਨੀਆਂ 2:17
2 ਯਸਾਯਾਹ 53:9, ਦੂਸਰਾ ਕੁਰਿੰਥੀਆਂ 5:21, ਇਬਰਾਨੀਆਂ 7:26
3 ਯਸਾਯਾਹ 7:14, 9:6, ਯਿਰਮਿਯਾਹ 23:6, ਯੂਹੰਨਾ 1:1



### ਪ੍ਰਭੂ ਦਾ 6 ਵਾਂ ਦਿਨ

**ਸਵਾਲ 16 ਇਹ ਕਿਉਂ ਜ਼ਰੂਰੀ ਹੈ ਕਿ ਉਹ ਪੂਰੀ ਤਰਾਂ ਮਨੁੱਖ ਅਤੇ ਪੂਰੀ ਤਰਾਂ ਧਰਮੀ ਹੋਵੇ ?**

**ਉੱਤਰ** ਪਰਮੇਸ਼ੁਰ ਦਾ ਨਿਆਂ ਇਹ ਮੰਗ ਕਰਦਾ ਹੈ ਕਿ
ਮਨੁੱਖੀ ਸੁਭਾਓ ਜੋ ਪਾਪ ਕਰ ਚੁੱਕਾ ਹੈ,
ਜ਼ਰੂਰੀ ਹੈ ਕਿ ਉਹ ਆਪਣੇ ਪਾਪ ਦਾ ਹਰਜ਼ਾਨਾ ਭਰੇ[1],
ਪਰ ਇੱਕ ਪਾਪੀ ਦੂਸਰਿਆਂ ਦਾ ਹਰਜਾਨਾ ਕਦੇ ਵੀ ਨਾ ਭਰ ਸਕੇ[2]।

1 ਰੋਮੀਆਂ 5: 12, 15, ਪਹਿਲਾ ਕੁਰਿੰਥੀਆਂ 15:21, ਇਬਰਾਨੀਆਂ 2: 14-16
2 ਇਬਰਾਨੀਆਂ 7: 26-27, ਪਹਿਲਾ ਪਤਰਸ 3:18

**ਸਵਾਲ 17 ਇਹ ਕਿਉਂ ਜ਼ਰੂਰੀ ਹੈ ਕਿ ਉਹ ਸੱਚਾ ਪਰਮੇਸ਼ੁਰ ਵੀ ਹੋਵੇ ?**

**ਉੱਤਰ** ਤਾਂ ਕਿ,
ਆਪਣੀ ਈਸ਼ੁਰਤਾਈ ਦੀ ਸ਼ਕਤੀ ਦੇ ਦੁਆਰਾ
ਉਹ ਪਰਮੇਸ਼ੁਰ ਦੇ ਕਰੋਧ ਦਾ ਭਾਰ ਆਪਣੀ ਮਨੁਖਤਾਈ ਵਿੱਚ
ਹੋ ਕੇ ਚੁੱਕੇ ਅਤੇ ਸਾਡੇ ਵਾਸਤੇ ਜੀਉਣ
ਅਤੇ ਧਰਮਿਕਤਾ ਕਮਾ ਕੇ ਸਾਡੇ ਲੇਖੇ ਜੋੜੇ [1]।

1 ਯਸਾਯਾਹ 53, ਯੂਹੰਨਾ 3:16, ਦੂਸਰਾ ਕੁਰਿੰਥੀਆਂ 5:21

**ਸਵਾਲ 18 ਇਹ ਵਿਚੋਲਾ ਕੌਣ ਹੈ - ਸੱਚਮੁੱਚ ਪਰਮੇਸ਼ੁਰ ਅਤੇ ਇਸ ਦੇ ਨਾਲ-ਨਾਲ ਪੂਰੀ ਤਰਾਂ ਮਨੁੱਖ ਅਤੇ ਪੂਰੀ ਤਰਾਂ ਧਰਮੀ ?**

**ਉੱਤਰ** ਸਾਡਾ ਪ੍ਰਭੂ ਯਿਸੂ ਮਸੀਹ[1],
ਜੋ ਕਿ ਸਾਨੂੰ ਪੂਰੀ ਤਰਾਂ ਆਜ਼ਾਦ ਕਰਨ ਅਤੇ ਪਰਮੇਸ਼ਰ ਨਾਲ ਸਾਡਾ ਮੇਲ ਕਰਾਉਣ ਲਈ ਸਾਨੂੰ ਬਖਸ਼ਿਆ ਗਿਆ ਸੀ[2]।

1 ਮੱਤੀ 1:21-23, ਲੂਕਾ 2:11, ਪਹਿਲਾ ਤਿਮੋਥਿਉਸ 2:5
2 ਪਹਿਲਾ ਕੁਰਿੰਥੀਆਂ 1:30

**ਸਵਾਲ 19 ਆਪ ਇਹ ਕਿਵੇਂ ਜਾਣਦੇ ਹੋ ?**

ਉੱਤਰ ਪਵਿੱਤਰ ਖੁਸ਼ਖਬਰੀ ਮੈਨੂੰ ਇਹ ਦੱਸਦੀ ਹੈ।

ਖੁਦ ਹੀ ਪਰਮੇਸ਼ੁਰ ਨੇ ਅਦਨ ਦੇ ਬਾਗ ਵਿੱਚ ਇਸ ਖੁਸ਼ਖਬਰੀ ਨੂੰ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਸੀ[1],

ਬਾਅਦ ਵਿੱਚ ਉਸ ਨੇ ਪਵਿੱਤਰ ਪਿੱਤਰਾਂ[2] ਅਤੇ ਨਬੀਆਂ[3]

ਦੇ ਦੁਆਰਾ ਇਸ ਦੀ ਮਨਾਦੀ ਕੀਤੀ

ਅਤੇ ਸ਼ਰ੍ਹਾ ਦੀਆਂ ਬਲੀਆਂ ਅਤੇ ਹੋਰ ਰੀਤਾਂ ਦੇ ਦੁਆਰਾ ਇਸ ਦੀ ਤਸਵੀਰ ਉਲੀਕੀ[4],

ਅੰਤ ਵਿੱਚ ਉਸ ਨੇ ਇਸ ਨੂੰ ਆਪਣੇ ਪਿਆਰੇ ਪੁੱਤਰ ਦੇ ਰਾਹੀਂ ਪੂਰਾ ਕੀਤਾ[5]।

1 ਉਤਪਤ 3:15
2 ਉਤਪਤ 22:18, 49:10
3 ਯਸਾਯਾਹ 53, ਯਿਰਮਿਯਾਹ 23:5-6, ਮੀਕਾਹ 7:18-20, ਰਸੂਲਾਂ ਦੇ ਕਰਤੱਬ 10:43, ਇਬਰਾਨੀਆਂ 1:1-2
4 ਲੇਵੀਆਂ 1-7, ਯੂਹੰਨਾ 5:46, ਇਬਰਾਨੀਆਂ 10:1-10
5 ਰੋਮੀਆਂ 10:4, ਗਲਾਤੀਆਂ 4:4-5, ਕੁਲੁਸੀਆਂ 2:17

## ਪ੍ਰਭੂ ਦਾ 7ਵਾਂ ਦਿਨ

### ਸਵਾਲ 20 ਠੀਕ ਜਿਸ ਤਰਾਂ ਆਦਮ ਦੇ ਰਾਹੀਂ ਸੱਭ ਗੁਆਚੇ ਸਨ, ਕੀ ਮਸੀਹ ਦੇ ਰਾਹੀਂ ਸੱਭ ਬਚਾਏ ਜਾਂਦੇ ਹਨ ?

**ਉੱਤਰ** ਨਹੀ!
ਸਿਰਫ ਉਹੋ ਹੀ ਬਚਾਏ ਜਾਂਦੇ ਹਨ
ਜੋ ਸੱਚੇ ਵਿਸ਼ਵਾਸ ਦੇ ਦੁਆਰਾ ਮਸੀਹ ਨਾਲ ਜੋੜੇ ਜਾਂਦੇ ਹਨ
ਅਤੇ ਉਸ ਦੀਆਂ ਸਾਰੀਆਂ ਬਰਕਤਾਂ ਨੂੰ ਕਬੂਲ ਕਰ ਲੈਂਦੇ ਹਨ[1]।

1 ਮੱਤੀ 7:14, ਯੂਹੰਨਾ 3:16, 18,36, ਰੋਮੀਆਂ 11:16-21

### ਸਵਾਲ 21 ਸੱਚਾ ਵਿਸ਼ਵਾਸ ਕੀ ਹੈ ?

**ਉੱਤਰ** ਸੱਚਾ ਵਿਸ਼ਵਾਸ ਸਿਰਫ
ਇਹ ਗਿਆਨ ਅਤੇ ਮੰਨ ਲੈਣਾ ਹੀ ਨਹੀਂ ਹੈ ਕਿ ਪਰਮੇਸ਼ੁਰ ਜੋ
ਕੁਝ ਵੀ ਆਪਣੇ ਬਚਨ ਵਿੱਚ ਪ੍ਰਕਾਸ਼ਿਤ ਕਰਦਾ ਹੈ, ਉਹ ਸੱਚ ਹੈ,[1]
ਇਹ ਤਾਂ ਮੇਰੇ ਅੰਦਰ ਪਵਿੱਤਰ-ਆਤਮਾ[3] ਦੇ ਦੁਆਰਾ ਖੁਸ਼ਖਬਰੀ ਦੇ ਰਾਹੀਂ[4]
ਰਚੀ ਗਈ ਇੱਕ ਗਹਿਰੀ ਨਿਸ਼ਚਿੱਤਤਾ ਵੀ[2] ਵੀ ਹੈ ਕਿ ਮਸੀਹ ਦੁਆਰਾ[5]
ਉਸ ਦੀ ਸ਼ੁੱਧ ਕਿਰਪਾ ਦੇ ਕਰਕੇ ਸਾਡੇ ਵਾਸਤੇ, ਸਿਰਫ ਦੂਸਰੇ ਹੀ ਨਹੀਂ,
ਬਲਕਿ ਮੇਰੇ ਆਪਣੇ ਪਾਪ ਵੀ ਮਾਫ ਕੀਤੇ ਗਏ ਹਨ; ਹਮੇਸ਼ਾ ਵਾਸਤੇ ਮੇਰਾ
ਪਰਮੇਸ਼ੁਰ ਨਾਲ ਮੇਲ ਕਰਾਇਆ ਗਿਆ ਹੈ ਅਤੇ ਮੈਨੂੰ ਮੁਕਤੀ ਬਖਸ਼ੀ ਗਈ ਹੈ[7]।

1. ਯੂਹੰਨਾ 17:3, 17, ਇਬਰਾਨੀਆਂ 11:1-3, ਯਾਕੂਬ 2:19
2 ਰੋਮੀਆਂ 4:18-21, 5:1, 10:10, ਇਬਰਾਨੀਆਂ 4:14-16
3 ਮੱਤੀ 16:15-17 ਯੂਹੰਨਾ 3:5, ਰਸੂਲਾਂ ਦੇ ਕਰਤੱਬ 16:14
4 ਰੋਮੀਆਂ 1:16, 10:17, ਪਹਿਲਾ ਕੁਰਿੰਥੀਆਂ 1:21
5 ਰੋਮੀਆਂ 3:21-26, ਗਲਾਤੀਆਂ 2:16, ਅਫਸੀਆਂ 2:8-10
6 ਗਲਾਤੀਆਂ 2:20
7 ਰੋਮੀਆਂ 1:17, ਇਬਰਾਨੀਆਂ 10:10

### ਸਵਾਲ 22 ਇੱਕ ਮਸੀਹੀ ਨੂੰ ਕੀ ਵਿਸ਼ਵਾਸ ਕਰਨਾ ਪੈਣਾ ਹੈ ?

**ਉੱਤਰ** ਉਹ ਸੱਭ ਜਿਸ ਦਾ ਵਾਇਦਾ ਪਰਮੇਸ਼ਰ ਇੰਜ਼ੀਲ ਵਿੱਚ ਕਰਦਾ ਹੈ[1]।
ਉਹ ਖੁਸ਼ਖਬਰੀ, ਸਾਡੇ ਵਾਸਤੇ ਸਾਡੇ ਮਸੀਹੀ ਵਿਸ਼ਵਾਸ ਦੀਆਂ ਲਿਖਤਾਂ
ਸੰਖੇਪ ਤੌਰ ਤੇ ਵਰਨਣ ਹੈ ਜੋ ਕਿ ਬਿਨਾਂ ਸ਼ੱਕ ਇੱਕ ਵਿਸ਼ਵਾਸ ਹੈ, ਜਿਸ ਦਾ
ਇਕਰਾਰ ਸਾਰੇ ਜਗਤ ਵਿੱਚ ਕੀਤਾ ਜਾਂਦਾ ਹੈ।

1 ਮੱਤੀ 28:18-20, ਯੂਹੰਨਾ 20:30-31



### ਸਵਾਲ 23 ਇਹ ਲਿਖਤਾਂ ਕੀ ਹਨ ?

**ਉੱਤਰ** ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹਾਂ
ਜੋ ਕਿ ਸੁਰਗ ਅਤੇ ਧਰਤੀ ਦਾ ਰਚਨਹਾਰ ਹੈ।

ਮੈਂ, ਉਸ ਦੇ ਇਕਲੌਤੇ ਪੁੱਤਰ, ਯਿਸੂ ਮਸੀਹ, ਸਾਡੇ ਪ੍ਰਭੂ
ਵਿੱਚ ਵਿਸ਼ਵਾਸ ਕਰਦਾ ਹਾਂ ਜੋ ਪਵਿੱਤਰ ਆਤਮਾ ਦੇ ਦੁਆਰਾ
ਗਰਭ ਧਾਰਨ ਹੋਇਆ ਸੀ ਅਤੇ ਕੁਆਰੀ ਮਰੀਯਮ ਤੋਂ ਪੈਦਾ ਹੋਇਆ।
ਉਸ ਨੇ ਪੌਂਤਯੁਸ ਪਿਲਾਤੁਸ ਦੇ ਰਾਜ ਦੌਰਾਨ ਦੁਖ ਸਹਿਨ ਕੀਤਾ,
ਉਸ ਨੂੰ ਸਲੀਬ ਦਿੱਤਾ ਗਿਆ,
ਉਹ ਮੋਇਆ ਅਤੇ ਦਫਨਾਇਆ ਗਿਆ ਸੀ;
ਉਹ ਨਰਕ ਤੱਕ ਨੀਵਾਂ ਉੱਤਰਿਆ।
ਤੀਸਰੇ ਦਿਨ ਉਹ ਮੁਰਦਿਆਂ ਵਿੱਚੋਂ ਦੁਬਾਰਾ ਜੀ ਉਠਿਆ,
ਉਹ ਆਕਾਸ਼ ਨੂੰ ਉੱਪਰ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ,
ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੈ।
ਉੱਥੋਂ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।

ਮੈਂ ਪਵਿੱਤਰ ਆਤਮਾ ਵਿੱਚ,
ਪਵਿੱਤਰ ਸਰਵ-ਵਿਆਪਕ ਕਲੀਸੀਆ ਵਿੱਚ,
ਸੰਤਾਂ ਦੀ ਸੰਗਤੀ ਵਿੱਚ,
ਪਾਪਾਂ ਦੀ ਮੁਆਫੀ,
ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ
ਜੀਉਣ ਵਿੱਚ ਵਿਸ਼ਵਾਸ ਕਰਦਾ ਹਾਂ। ਆਮੀਨ।

## ਪ੍ਰਭੂ ਦਾ 8ਵਾਂ ਦਿਨ

**ਸਵਾਲ 24 ਇਹਨਾਂ ਲਿਖਤਾਂ ਨੂੰ ਕਿਵੇਂ ਵੰਡਿਆ ਗਿਆ ਹੈ ?**

ਉੱਤਰ ਤਿੰਨਾਂ ਹਿੱਸਿਆਂ ਵਿੱਚ :-

ਪਰਮੇਸ਼ੁਰ ਪਿਤਾ ਅਤੇ ਸਾਡੀ ਸ਼ਰਿਸ਼ਟ;

ਪਰਮੇਸ਼ੁਰ ਪਿਤਾ ਅਤੇ ਸਾਡਾ ਛੁਟਕਾਰਾ;

ਪਰਮੇਸ਼ੁਰ ਪਿਤਾ ਅਤੇ ਸਾਨੂੰ ਪਵਿੱਤਰ ਕੀਤਾ ਜਾਣਾ।

**ਸਵਾਲ 25 ਕਿਉਂਕਿ ਪਰਮੇਸ਼ੁਰ ਤਾਂ ਇੱਕ ਹੀ ਹੈ[1],**
**ਫਿਰ ਆਪ ਤਿੰਨਾਂ ਦਾ ਜ਼ਿਕਰ ਕਿਉਂ ਕਰਦੇ ਹੋ:**
**ਭਾਂਵ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ?**

ਉੱਤਰ ਕਿਉਂਕਿ

ਪਰਮੇਸ਼ਵਰ ਨੇ ਆਪਣੇ ਆਪ ਨੂੰ ਆਪਣੀ ਬਾਣੀ ਵਿੱਚ ਇਸੇ ਤਰਾਂ ਪਰਗਟ ਕੀਤਾ ਹੈ[2]
ਇਹ ਭਿੰਨ-ਭਿੰਨ ਸਖਸ਼ੀਅਤਾਂ ਇੱਕ ਸੱਚਾ ਅਤੇ ਅਬਦੀ ਪਰਮੇਸ਼ੁਰ ਹਨ।

1 ਬਿਵਸਥਾਸਾਰ 6:4, ਪਹਿਲਾ ਕੁਰਿੰਥੀਆਂ 8:4-6
2 ਮੱਤੀ 3:16-17, 28:18-19, ਲੂਕਾ 4:18 (ਯਸਾਯਾਹ 61:1)
ਯੂਹੰਨਾ 14:16, 15:26, ਦੂਸਰੀ ਕੁਰਿੰਥੀਆਂ 13:14 ਗਲਾਤੀਆਂ 4:6, ਤੀਤੁਸ 3:5-6



## ਪ੍ਰਭੂ ਦਾ 9ਵਾਂ ਦਿਨ

**ਸਵਾਲ 26 ਜਦੋਂ ਆਪ ਆਖਦੇ ਹੋ, "ਮੈਂ ਸਰਬਸ਼ਕਤੀਮਾਨ ਪਿਤਾ**
**ਪਰਮੇਸ਼ੁਰ, ਸੁਰਗ ਅਤੇ ਧਰਤੀ ਦੇ ਰਚਨਹਾਰ ਵਿੱਚ ਵਿਸ਼ਵਾਸ**
**ਕਰਦਾ ਹਾਂ", ਤਦ ਆਪ ਕੀ ਵਿਸ਼ਵਾਸ ਕਰਦੇ ਹੋ ?**

ਉੱਤਰ ਇਹ ਕਿ ਸਾਡੇ ਪ੍ਰਭੂ ਯਿਸੂ ਮਸੀਹ ਦਾ ਅਬਦੀ ਪਿਤਾ,
ਜਿਸ ਨੇ ਕਿਸੇ ਵੀ ਚੀਜ਼ ਦੀ ਮੱਦਦ ਤੋਂ ਬਗੈਰ ਆਕਾਸ਼ ਅਤੇ ਧਰਤੀ,
ਅਤੇ ਉਹਨਾਂ ਵਿਚਲੀ ਹਰ ਚੀਜ਼ ਦੀ ਰਚਨਾ ਕੀਤੀ[1],
ਜੋ ਹੁਣ ਵੀ ਉਸ ਦੀ ਅਬਦੀ ਮਰਜ਼ੀ ਅਤੇ ਇੰਤਜ਼ਾਮ[2]
ਦੁਆਰਾ ਉਨ੍ਹਾਂ ਨੂੰ ਸੰਭਾਲਦਾ ਅਤੇ ਉਨ੍ਹਾਂ ਉੱਤੇ ਰਾਜ ਕਰਦਾ ਹੈ,
ਉਹ ਮਸੀਹ ਉਸ ਦੇ ਪੁੱਤਰ ਦੇ ਕਰਕੇ,
ਮੇਰਾ ਪਰਮੇਸ਼ਰ ਅਤੇ ਪਿਤਾ ਹੈ[3]।

ਮੈਨੂੰ ਉਸ ਉੱਤੇ ਇੰਨਾ ਜ਼ਿਆਦਾ ਭਰੋਸਾ ਹੈ ਕਿ ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀ ਕਿ
ਸਰੀਰ ਅਤੇ ਜਾਨ ਵਾਸਤੇ ਮੈਨੂੰ
ਜੋ ਕੁੱਝ ਵੀ ਲੋੜੀਂਦਾ ਹੈ,
ਉਹ ਉਸ ਦਾ ਇੰਤਜ਼ਾਮ ਕਰੇਗਾ[4],
ਅਤੇ ਇਸ ਨਿਰਾਸ਼ ਜਗਤ ਵਿੱਚ ਉਹ ਮੇਰੇ ਲਈ ਜੋ ਵੀ ਬਿਪਤਾ ਭੇਜੇ,
ਉਸ ਨੂੰ ਉਹ ਮੇਰੀ ਭਲਾਈ ਵਿੱਚ ਬਦਲ ਦੇਵੇਗਾ[5]।

ਉਹ, ਇਹ ਕਰਨ ਦੇ ਇਸ ਕਰਕੇ ਯੋਗ ਹੈ ਕਿਉਂਕਿ ਉਹ ਸਰਬਸ਼ਕਤੀਮਾਨ
ਪਰਮੇਸ਼ੁਰ ਹੈ[6]
ਉਹ ਇਹ ਕਰਨ ਦੀ ਇੱਛਾ ਇਸ ਕਰਕੇ ਰੱਖਦਾ ਹੈ ਕਿਉਂਕਿ ਉਹ ਇੱਕ ਵਫਾਦਾਰ
ਪਿਤਾ ਹੈ[7]।

1 ਉਤਪਤ1 ਅਤੇ 2 ਅਧਿਆਇ, ਕੂਚ 20:11, ਜ਼ਬੂਰ 33:6, ਯਸਾਯਾਹ 44:24, ਰਸੂਲਾਂ ਦੇ ਕਰੱਤਬ 4:24, 14:15
2 ਜ਼ਬੂਰ 104, ਮੱਤੀ 6:30, 10:29, ਅਫਸੀਆਂ 1:11
3 ਯੂਹੰਨਾ 1:12-13, ਰੋਮੀਆਂ 8:15-16, ਗਲਾਤੀਆਂ 4:4-7 ਅਫਸੀਆਂ 1:5
4 ਜ਼ਬੂਰ 55:22, ਮੱਤੀ 6:25-26, ਲੂਕਾ 12:22-31
5 ਰੋਮੀਆਂ 8:28
6 ਉਤਪਤ 18:14, ਰੋਮੀਆਂ 8:31-39
7 ਮੱਤੀ 7:9-11

## ਪ੍ਰਭੂ ਦਾ 10ਵਾਂ ਦਿਨ

**ਸਵਾਲ 27 ਪਰਮੇਸ਼ਵਰ ਦੇ ਇੰਤਜ਼ਾਮ ਤੋਂ ਆਪ ਕੀ ਸਮਝਦੇ ਹੋ ?**

ਉੱਤਰ ਪਰਮੇਸ਼ਵਰ ਦਾ ਇੰਤਜਾਮ ਇਹ ਹੈ ਕਿ
ਉਹ ਸਰਬਸ਼ਕਤੀਮਾਨ ਪਰਮੇਸ਼ਵਰ ਅਤੇ ਉਸ ਦੀ ਹਮੇਸ਼ਾ ਉਪਲਬਧ ਸ਼ਕਤੀ[1],
ਜਿਸ ਦੇ ਦੁਆਰਾ ਉਹ ਆਪਣੇ ਹੱਥ ਨਾਲ,
ਆਕਾਸ਼
ਅਤੇ ਧਰਤੀ
ਅਤੇ ਸਾਰੇ ਪ੍ਰਾਣੀਆਂ ਨੂੰ ਸੰਭਾਲਦਾ ਹੈ[2]
ਅਤੇ ਉਨ੍ਹਾਂ ਉੱਤੇ ਇਸ ਤਰਾਂ ਰਾਜ ਕਰਦਾ ਹੈ ਕਿ
ਪੱਤਾ ਅਤੇ ਤਿਨਕਾ, ਵਰਖਾ ਅਤੇ ਸੋਕਾ,
ਫਲਦਾਇਕ ਅਤੇ ਕਮੀ ਵਾਲੇ ਵਰ੍ਹੇ, ਭੋਜਨ ਅਤੇ ਪਾਣੀ,
ਸਿਹਤ ਅਤੇ ਬਿਮਾਰੀ, ਖੁਸ਼ਹਾਲੀ ਅਤੇ ਗਰੀਬੀ[3],
ਅਸਲ ਵਿੱਚ ਇਹ ਸੱਭ ਕੁੱਝ ਸਾਡੇ ਕੋਲ
ਅਚਾਨਕ ਘਟਨਾ ਦੁਆਰਾ ਨਹੀਂ ਆ ਠਹਿਰਦਾ[4],
ਬਲਕਿ ਇਹ ਸੱਭ ਉਸ ਦੇ ਪਿਤਾ ਵਾਲੇ ਹੱਥ ਤੋਂ ਦਿੱਤਾ ਜਾਂਦਾ ਹੈ[5]।

1 ਯਿਰਮਿਯਾਹ 23:23-24, ਰਸੂਲਾਂ ਦੇ ਕਰਤੱਬ 17:24-28
2 ਇਬਰਾਨੀਆਂ 1:3
3 ਯਿਰਮਿਯਾਹ 5:24, ਰਸੂਲਾਂ ਦੇ ਕਰੱਤਬ 14:15-17, ਯੂਹੰਨਾ ਦੀ ਇੰਜੀਲ 9:3, ਕਹਾਉਤਾਂ 22:2
4 ਕਹਾਉਤਾਂ 16:33
5 ਮੱਤੀ 10:29

**ਸਵਾਲ 28 ਪਰਮੇਸ਼ਵਰ ਦੀ ਸ਼ਰਿਸ਼ਟ ਅਤੇ ਇੰਤਜ਼ਾਮ ਦਾ
ਗਿਆਨ ਸਾਡੀ ਮੱਦਦ ਕਿਵੇਂ ਕਰਦਾ ਹੈ ?**

ਉੱਤਰ ਜਦੋਂ ਸੱਭ ਕੁੱਝ ਸਾਡੇ ਵਿਰੁੱਧ ਹੋਵੇ ਤਦ ਅਸੀਂ ਧੀਰਜਵਾਨ ਹੋ ਸਕਦੇ ਹਾਂ[1],
ਜਦੋਂ ਸੱਭ ਕੁਝ ਠੀਕ ਠਾਕ ਹੋਵੇ ਤਕ ਅਸੀਂ ਧੰਨਵਾਦੀ ਹੋ ਸਕਦੇ ਹਾਂ[2],
ਅਤੇ ਭਵਿੱਖ ਵਾਸਤੇ ਅਸੀਂ ਵਫਾਦਾਰ ਪਰਮੇਸ਼ਵਰ ਅਤੇ ਪਿਤਾ
ਉੱਤੇ ਭਰੋਸਾ ਰੱਖ ਸਕਦੇ ਹਾਂ ਕਿ ਕੁੱਝ ਵੀ ਸਾਨੂੰ
ਉਸ ਦੇ ਪਿਆਰ ਤੋਂ ਅੱਡ ਨਹੀਂ ਕਰੇਗਾ[3]।
ਸੱਭ ਪ੍ਰਾਣੀ ਇਸ ਤਰਾਂ ਪੂਰੇ ਤੌਰ ਤੇ ਉਸ ਦੇ ਹੱਥ ਵਿੱਚ ਹਨ
ਕਿ ਉਸ ਦੀ ਇੱਛਾ ਤੋਂ ਬਗੈਰ ਉਹ ਨਾਂ ਹਿੱਲ ਸਕਦੇ ਹਨ
ਅਤੇ ਨਾਂ ਹੀ ਹਿਲਾਏ ਜਾ ਸਕਦੇ ਹਨ[4]।

1 ਅਯੂਬ 1:21-22, ਯਾਕੂਬ 1:3
2 ਬਿਵਸਥਾ ਸਾਰ 8:10, ਪਹਿਲਾ ਥੱਸੁਲੁਨੀਕੀਆਂ 5:18
3 ਜ਼ਬੂਰ 55:22, ਰੋਮੀਆਂ 5:3-5, 8:38-39
4 ਅਯੂਬ 1:12, 2:6, ਕਹਾਉਤਾਂ 21:1, ਰਸੂਲਾਂ ਦੇ ਕਰਤੱਬ 17:24-28



## ਪ੍ਰਭੂ ਦਾ 11ਵਾਂ ਦਿਨ

**ਸਵਾਲ 29 ਪਰਮੇਸ਼ਵਰ ਦੇ ਪੁੱਤਰ ਨੂੰ "ਯਿਸੂ"
ਭਾਵ "ਮੁਕਤੀਦਾਤਾ" ਕਿਉਂ ਆਖਿਆ ਜਾਂਦਾ ਹੈ?**

**ਉੱਤਰ** ਕਿਉਂਕਿ ਉਹ ਸਾਨੂੰ ਸਾਡੇ ਪਾਪਾਂ ਤੋਂ ਬਚਾਉਂਦਾ ਹੈ[1]।
ਹੋਰ ਕਿਸੇ ਵਿੱਚ ਵੀ ਮੁਕਤੀ ਨਹੀਂ ਪਾਈ ਜਾ ਸਕਦੀ, ਕਿਸੇ ਲਈ
ਵੀ ਹੋਰ ਕਿੱਧਰੇ ਮੁਕਤੀ ਵਾਸਤੇ ਤੱਕਣਾ ਵਿਅਰਥ ਹੈ[2]।

1 ਮੱਤੀ 1:21, ਇਬਰਾਨੀਆਂ 7:25
2 ਯਸਾਯਾਹ 43:11, ਯੂਹੰਨਾ 15:5, ਰਸੂਲਾਂ ਦੇ ਕਰੱਤਬ 4:11-12, ਪਹਿਲਾ ਤਿਮੋਥਿਉਸ 2:5

**ਸਵਾਲ 30 ਕੀ ਉਹ ਜੋ ਆਪਣੀ ਮੁਕਤੀ ਅਤੇ ਸੁਰੱਖਿਆ
ਵਾਸਤੇ ਸੰਤਾਂ ਵੱਲ, ਆਪਣੇ ਆਪ ਵੱਲ, ਜਾਂ ਹੋਰ ਕਿੱਧਰੇ ਤੱਕਦੇ ਹਨ,
ਅਸਲ ਵਿੱਚ ਇੱਕ ਮੁਕਤੀਦਾਤੇ ਯਿਸੂ ਵਿੱਚ ਵਿਸ਼ਵਾਸ ਕਰਦੇ ਹਨ ?**

**ਉੱਤਰ** ਨਹੀ!
ਭਾਂਵੇ ਉਹ ਉਸੇ ਦੇ ਹੋਣ ਦੀਆਂ ਸ਼ੇਖੀਆਂ ਮਾਰਦੇ ਹਨ
ਪਰ ਉਹ ਆਪਣੇ ਕੰਮਾਂ ਦੁਆਰਾ ਇੱਕੋ ਇੱਕ ਮੁਕਤੀਦਾਤਾ
ਅਤੇ ਛੁਡਾਉਣ ਵਾਲੇ ਯਿਸੂ ਦਾ ਇੰਨਕਾਰ ਕਰਦੇ ਹਨ[1]।

ਜਾਂ ਤਾਂ ਯਿਸੂ ਜੀ ਇੱਕ ਸੰਪੂਰਨ ਮੁਕਤੀਦਾਤਾ ਨਹੀਂ ਹਨ
ਜਾਂ ਫਿਰ ਉਹ ਜੋ ਸੱਚੇ ਵਿਸ਼ਵਾਸ ਨਾਲ ਇਸ ਮੁਕਤੀਦਾਤੇ ਨੂੰ ਕਬੂਲ ਕਰਦੇ ਹਨ,
ਉਸ ਵਿੱਚ ਉਹ ਸੱਭ ਕੁਝ ਪਾਉਂਦੇ ਹਨ ਜਿਸ ਦੀ ਉਹਨਾਂ ਨੂੰ
ਉਸ ਦੀ ਮੁਕਤੀ ਵਾਸਤੇ ਜ਼ਰੂਰਤ ਹੈ[2]।

1 ਪਹਿਲਾ ਕੁਰਿੰਥੀਆਂ 1:12-13
ਗਲਾਤੀਆਂ 5:4
2 ਕੁਲੁਸੀਆਂ 1:19-20, 2:10
ਪਹਿਲਾ ਯੂਹੰਨਾ 1:7

## ਪ੍ਰਭੂ ਦਾ 12ਵਾਂ ਦਿਨ

**ਸਵਾਲ 31 ਉਸ ਨੂੰ "ਮਸੀਹ" ਭਾਵ "ਮਸੱਹ ਕੀਤਾ ਹੋਇਆ" ਕਿਉਂ ਆਖਿਆ ਜਾਂਦਾ ਹੈ ?**

**ਉੱਤਰ** ਕਿਉਂਕਿ ਉਹ ਪਰਮੇਸ਼ਵਰ ਪਿਤਾ ਦੇ ਦੁਆਰਾ ਥਾਪਿਆ ਗਿਆ ਹੈ
ਅਤੇ ਸਾਡਾ ਪ੍ਰਧਾਨ ਨਬੀ ਅਤੇ ਅਧਿਆਪਕ[2] ਹੋਣ ਲਈ ਪਵਿੱਤਰ-ਆਤਮਾ[1]
ਦੇ ਦੁਆਰਾ ਮੱਸਹ ਕੀਤਾ ਗਿਆ ਹੈ, ਜੋ ਸਾਡੇ ਛੁਟਕਾਰੇ
ਵਾਸਤੇ ਪਰਮੇਸ਼ਵਰ ਭੇਤ ਭਰੀ ਮਨਸ਼ਾ ਅਤੇ ਇੱਛਾ
ਨੂੰ ਪੂਰੀ ਤਰਾਂ ਸਾਡੇ ਲਈ ਪਰਗਟ ਕਰਦਾ ਹੈ[3]।
ਉਹ ਸਾਡਾ ਇਕੋ ਇਕ ਮਹਾਂ ਜਾਜਕ ਹੈ[4],
ਜਿਸ ਨੇ ਆਪਣੀ ਦੇਹ ਦੇ ਇੱਕ ਬਲੀਦਾਨ ਦੇ ਦੁਆਰਾ ਸਾਨੂੰ ਆਜ਼ਾਦ ਕੀਤਾ ਹੈ[5],
ਅਤੇ ਜੋ ਪਿਤਾ ਅੱਗੇ ਲਗਾਤਾਰ ਸਾਡੇ ਵਾਸਤੇ ਵਕਾਲਤ ਕਰਦਾ ਹੈ[6]
ਅਤੇ ਉਹ ਸਾਡਾ ਅਬਦੀ ਪਾਤਸ਼ਾਹ ਹੈ[7]
ਜੋ ਆਪਣੀ ਬਾਣੀ ਅਤੇ ਆਤਮਾ ਦੇ ਦੁਆਰਾ ਸਾਡੇ ਉੱਤੇ ਨਿਯੰਤ੍ਰਣ ਕਰਦਾ ਹੈ
ਅਤੇ ਉਹ ਸਾਡੀ ਰਖਵਾਲੀ ਕਰਦਾ ਹੈ ਅਤੇ ਸਾਨੂੰ
ਉਸ ਆਜ਼ਾਦੀ ਵਿੱਚ ਬਣਾਈ ਰੱਖਦਾ ਹੈ ਜੋ ਉਸ ਨੇ ਸਾਡੇ ਵਾਸਤੇ ਜਿੱਤੀ ਹੈ[8]।

1 ਲੂਕਾ 3:21-22, 4:14-19 (ਯਸਾਯਾਹ 61:1),
ਇਬਰਾਨੀਆਂ 1:9 (ਜ਼ਬੂਰ 45:7)
2 ਰਸੂਲਾਂ ਦੇ ਕਰਤੱਬ 3:22 (ਬਿਵਸਥਾ ਸਾਰ 18:15)
3 ਯੂਹੰਨਾ 1:18, 15:15
4 ਇਬਰਾਨੀਆਂ 7:17 (ਜ਼ਬੂਰ 110:4)
5 ਇਬਰਾਨੀਆਂ 9: 12, 10:11-14
6 ਰੋਮੀਆਂ 8:34, ਇਬਰਾਨੀਆਂ 9:24
7 ਮੱਤੀ 21:5 (ਜ਼ਕਰਯਾਹ 9:9)
8 ਮੱਤੀ 28:18-20, ਯੂਹੰਨਾ 10:28
ਪ੍ਰਕਾਸ਼ ਦੀ ਪੋਥੀ 12:10-11

**ਸਵਾਲ 32 ਪਰ ਆਪ ਨੂੰ ਇਕ ਮਸੀਹੀ ਕਿਉਂ ਆਖਿਆ ਜਾਂਦਾ ਹੈ ?**

**ਉੱਤਰ** ਕਿਉਂਕਿ ਵਿਸ਼ਵਾਸ ਦੁਆਰਾ ਮੈਂ ਮਸੀਹ ਦਾ ਇੱਕ ਅੰਗ ਹਾਂ[1]
ਅਤੇ ਇਸ ਤਰਾਂ ਮੈਂ ਉਸ ਦੇ ਮੱਸਾਹ ਕੀਤੇ ਹੋਣ ਵਿੱਚ ਸ਼ਰੀਕ ਹੁੰਦਾ ਹਾਂ[2]।
ਮੈਨੂੰ ਉਸ ਦੇ ਨਾਮ ਦਾ ਇਕਰਾਰ ਕਰਨ[3] ਲਈ,
ਆਪਣੇ ਆਪ ਨੂੰ ਉਸ ਅੱਗੇ ਧੰਨਵਾਦ ਦੇ ਜੀਉਂਦੇ ਬਲੀਦਾਨ ਵਜੋਂ ਪੇਸ਼ ਕਰਨ ਲਈ[4]
ਇਸ ਜੀਵਨ ਵਿੱਚ ਪਾਪ ਅਤੇ ਸ਼ੈਤਾਨ ਦੇ ਵਿਰੁੱਧ ਇੱਕ ਸ਼ੁੱਧ ਜ਼ਮੀਰ ਨਾਲ
ਜੱਦੋਂ-ਜਹਿਦ ਕਰਨ ਲਈ[5]
ਅਤੇ ਬਾਅਦ ਵਿੱਚ ਮਸੀਹ ਦੇ ਨਾਲ
ਸਦਾਕਾਲ ਵਾਸਤੇ ਸਾਰੀ ਸ਼ਰਿਸ਼ਟ ਉੱਤੇ
ਰਾਜ ਕਰਨ ਲਈ ਮੱਸਹ ਕੀਤਾ ਗਿਆ ਹੈ[6]।

1 ਪਹਿਲਾਂ ਕੁਰਿੰਥੀਆਂ 12:12-27
2 ਰਸੂਲਾਂ ਦੇ ਕਰਤੱਬ 2:17 (ਯੋਏਲ 2:28), ਪਹਿਲਾਂ ਯੂਹੰਨਾ 2:27
3 ਮੱਤੀ 10:32, ਰੋਮੀਆਂ 10:9-10, ਇਬਰਾਨੀਆਂ 13:15
4 ਰੋਮੀਆਂ 12:1, ਪਹਿਲਾ ਪਤਰਸ 2:5-9
5 ਗਲਾਤੀਆਂ 5:16-17, ਅਫਸੀਆਂ 6:11, ਪਹਿਲਾ ਤਿਮੋਥਿਉਸ 1:18-19
6 ਮੱਤੀ 25:34 ਦੂਸਰਾ ਤਿਮੋਥਿਉਸ 2:12



## ਪ੍ਰਭੂ ਦਾ 13ਵਾਂ ਦਿਨ

**ਸਵਾਲ 33 ਜਦੋਂ ਅਸੀਂ ਭੀ ਤਾਂ ਪਰਮੇਸ਼ਵਰ ਦੀ ਸੰਤਾਨ ਹਾਂ, ਫਿਰ ਉਸ ਨੂੰ ਪਰਮੇਸ਼ਵਰ ਦਾ "ਇਕਲੋਤਾ ਪੁੱਤਰ" ਕਿਉਂ ਆਖਿਆ ਗਿਆ ਹੈ ?**

**ਉੱਤਰ** ਕਿਉਂਕਿ ਇੱਕਲਾ ਮਸੀਹ ਹੀ ਪਰਮੇਸ਼ਵਰ ਦਾ ਸੁਭਾਵਿਕ ਅਬਦੀ ਪੁੱਤਰ ਹੈ[1],
ਪਰ ਫਿਰ ਵੀ ਅਸੀਂ ਪਰਮੇਸ਼ਵਰ ਦੇ ਗੋਦ ਲਏ ਹੋਏ ਬੱਚੇ ਹਾਂ
ਜੋ ਮਸੀਹ ਦੇ ਰਾਹੀਂ, ਕਿਰਪਾ ਦੇ ਦੁਆਰਾ ਗੋਦ ਲਏ ਹੋਏ ਹਾਂ[2]।

1 ਯੂਹੰਨਾ 1:1-3, 14, 18 (ਇਬਰਾਨੀਆਂ -1 ਅਧਿਆਇ)
2 ਯੂਹੰਨਾ 1:12, ਰੋਮੀਆਂ 8:14-17; ਅਫਸੀਆਂ 1:5-6

**ਸਵਾਲ 34 ਆਪ ਉਸ ਨੂੰ "ਸਾਡਾ ਪ੍ਰਭੂ" ਕਿਉਂ ਆਖਦੇ ਹੋ ?**

**ਉੱਤਰ** ਕਿਉਂਕਿ
ਸੋਨੇ ਜਾ ਚਾਂਦੀ ਨਾਲ ਨਹੀਂ
ਪਰ ਆਪਣੇ ਬਹੁਮੁੱਲੇ ਲਹੂ ਨਾਲ[1]
ਉਸ ਨੇ ਸਾਨੂੰ
ਪਾਪ ਅਤੇ ਸ਼ੈਤਾਨ ਦੇ ਜ਼ੁਲਮ ਤੋਂ ਆਜ਼ਾਦ ਕੀਤਾ ਹੈ[2],
ਤੇ ਉਸ ਦੇ ਨਿੱਜ ਲੋਕ ਹੋਣ
ਲਈ ਸਾਡੀ ਦੇਹ ਅਤੇ ਜਾਨ
ਸਮੇਤ ਮੁੱਲ ਲੈ ਲਿਆ ਹੈ[3]।

1 ਪਹਿਲਾ ਪਤਰਸ 1:18-19
2 ਕੁਲੁਸੀਆ 1:13-14, ਇਬਰਾਨੀਆਂ 2:14-15
3 ਪਹਿਲਾ ਕੁਰਿੰਥੀਆਂ 6:20, ਪਹਿਲੀ ਤਿਮੋਥਿਉਸ 2:5-6

## ਪ੍ਰਭੂ ਦਾ 14ਵਾਂ ਦਿਨ

**ਸਵਾਲ 35 ਇਸ ਦਾ ਕੀ ਅਰਥ ਹੁੰਦਾ ਹੈ ਕਿ ਉਹ, "ਪਵਿੱਤਰ ਆਤਮਾ ਦੇ ਦੁਆਰਾ ਗਰਭ ਵਿੱਚ ਪਿਆ ਅਤੇ ਕੁਆਰੀ ਮਰੀਯਮ ਤੋਂ ਪੈਦਾ ਹੋਇਆ" ?**

ਉੱਤਰ ਇਹ ਕਿ ਪਰਮੇਸ਼ਵਰ ਦਾ ਅਬਦੀ ਪੁੱਤਰ,
ਜੋ ਹੈ ਅਤੇ ਸੱਚਾ ਅਤੇ ਅਬਦੀ
ਪਰਮੇਸ਼ਵਰ ਬਣਿਆ ਰਹਿੰਦਾ ਹੈ[1],
ਉਸ ਨੇ ਪਵਿੱਤਰ ਆਤਮਾ ਦੇ ਕਾਰਜ ਰਾਹੀਂ[2],
ਕੁਆਰੀ ਮਰੀਯਮ ਦੇ ਮਾਸ ਅਤੇ ਲਹੂ ਤੋਂ ਆਪਣੇ ਆਪ ਲਈ ਇੱਕ
ਸੱਚ ਮੁੱਚ ਮਨੁੱਖੀ ਸੁਭਾਅ ਇਖਤਿਆਰ ਕਰ ਲਿਆ ਸੀ[3]
ਤਾਂ ਕਿ ਉਹ ਦਾਊਦ ਦੀ ਅਸਲ ਅੰਸ ਬਣੇ[4],
ਹਰ ਤਰਾਂ ਨਾਲ ਆਪਣੇ ਭਰਾਵਾਂ ਵਾਂਗ ਹੀ[5]
ਪਰ ਪਾਪ ਤੋਂ ਬਗੈਰ[6]।

1 ਯੂਹੰਨਾ 1:1, 10:30-36, ਰਸੂਲਾਂ ਦੇ ਕਰੱਤਵ 13:33, (ਜ਼ਬੂਰ 2:7) ਕੁਲੁਸੀਆਂ 1:15-17, ਪਹਿਲਾ ਯੂਹੰਨਾ 5:20
2 ਲੂਕਾ 1:35
3 ਮੱਤੀ 1:18-23, ਯੂਹੰਨਾ 1:14, ਗਲਾਤੀਆਂ 4:4, ਇਬਰਾਨੀਆਂ 2:14
4 ਦੂਸਰਾ ਸਮੂਏਲ 7:12-16, ਜ਼ਬੂਰ 132:11, ਮੱਤੀ 1:1, ਰੋਮੀਆਂ 1:3
5 ਫ਼ਿਲਿੱਪੀਆਂ 2:7, ਇਬਰਾਨੀਆਂ 2:17
6 ਇਬਰਾਨੀਆਂ 4:15, 7:26-27

**ਸਵਾਲ 36 ਮਸੀਹ ਦੇ ਪਵਿੱਤਰ ਗਰਭ ਧਾਰਨ ਕਰਨ ਅਤੇ ਜਨਮ ਤੋਂ ਆਪ ਨੂੰ ਕਿਵੇਂ ਲਾਭ ਪਹੁੰਚਦਾ ਹੈ ?**

ਉੱਤਰ ਉਹ ਸਾਡਾ ਵਿਚੋਲਾ ਹੈ[1]
ਅਤੇ ਉਹ ਆਪਣੇ ਦੋਸ਼ ਰਹਿਣ ਹੋਣ ਅਤੇ ਪੂਰਨ ਪਵਿੱਤਰਤਾਈ
ਨਾਲ ਪਰਮੇਸ਼ਵਰ ਦੀ ਨਜ਼ਰ ਵਿੱਚੋ ਮੇਰੇ ਪਾਪ ਨੂੰ ਹਟਾ ਦਿੰਦਾ ਹੈ-
ਮੇਰੇ ਪਾਪ ਨੂੰ ਇਸ ਕਰਕੇ ਕਿਉਂਕਿ ਮੈਂ ਗਰਭ ਵਿੱਚ ਪਿਆ ਸੀ[2]

1 ਪਹਿਲਾ ਤਿਮੋਥਿਉਸ 2:5-6, ਇਬਰਾਨੀਆਂ 9:13-15
2 ਰੋਮੀਆਂ 8:3-4, ਦੂਸਰੀ ਕੁਰਿੰਥੀਆਂ 5:21, ਗਲਾਤੀਆਂ 4:4-5, ਪਹਿਲਾ ਪਤਰਸ 1:18-19



## ਪ੍ਰਭੂ ਦਾ 15ਵਾਂ ਦਿਨ

**ਸਵਾਲ 37 "ਦੁੱਖ ਝੱਲਿਆ" ਸ਼ਬਦ ਤੋ ਆਪ ਕੀ ਸਮਝਦੇ ਹੋ ?**

ਉੱਤਰ ਇਹ ਕਿ, ਮਸੀਹ ਨੇ ਉਸ ਦੇ ਸਾਰੇ ਜੀਵਨ ਦੇ ਦੌਰਾਨ,
ਪਰ ਖਾਸ ਕਰਕੇ ਅੰਤ ਵਿੱਚ,
ਉਸ ਨੇ ਆਪਣੇ ਸਰੀਰ ਅਤੇ ਜਾਨ ਵਿੱਚ
ਸਾਰੀ ਮਨੁੱਖ ਜਾਤੀ ਦੇ ਪਾਪ ਦੇ ਵਿਰੁੱਧ ਪਰਮੇਸ਼ਵਰ ਦੇ ਕ੍ਰੋਧ ਨੂੰ ਸਹਿ ਲਿਆ ਹੈ[1]।

ਉਸ ਨੇ ਇਹ ਇਸ ਕਰਕੇ ਕੀਤਾ ਤਾਂ ਕਿ
ਉਸ ਦੇ ਦੁੱਖ ਝੱਲਣ ਦੇ ਇੱਕੋ ਇੱਕ ਪ੍ਰਾਸ਼ਚਿਤ ਦਾ ਬਲੀਦਾਨ ਹੋਣ ਦੇ ਦੁਆਰਾ[2]
ਉਹ ਸਾਡੇ ਸਰੀਰ ਅਤੇ ਜਾਨ ਭਾਵ ਸਾਨੂੰ ਸਦੀਪਕ ਸਜ਼ਾ ਤੋਂ ਆਜ਼ਾਦ[3]
ਕਰਾਵੇ ਅਤੇ ਸਾਡੇ ਵਾਸਤੇ ਪਰਮੇਸ਼ਵਰ ਦੀ ਕਿਰਪਾ,
ਧਾਰਮਿਕਤਾ ਅਤੇ ਸਦੀਪਕ ਜੀਵਨ ਪ੍ਰਾਪਤ ਕਰੇ[4]।

1 ਯਸਾਯਾਹ 53 ਅਧਿਆਇ , ਪਹਿਲਾ ਪਤਰਸ 2: 24, 3:18
2 ਰੋਮੀਆਂ 3:25, ਇਬਰਾਨੀਆਂ 10:14, ਪਹਿਲਾ ਯੂਹੰਨਾ 2:2, 4:10
3 ਰੋਮੀਆਂ 8:1-4, ਗਲਾਤੀਆਂ 3:13
4 ਯੂਹੰਨਾ 3:16, ਰੋਮੀਆਂ 3:24-26

**ਸਵਾਲ 38 ਉਸ ਨੇ "ਪੁੰਤੁਅਸ ਪਿਲਾਤੁਸ ਦੇ ਇੱਕ ਨਿਆਈ ਹੋਣ ਵਕਤ" ਕਿਉਂ ਦੁੱਖ ਉਠਾਇਆ ਸੀ ?**

ਉੱਤਰ ਤਾਂ ਕਿ,
ਉਹ ਭਾਂਵੇ ਨਿਰਦੋਸ਼ ਸੀ
ਪਰ ਫਿਰ ਵੀ ਇੱਕ ਮਨੁੱਖੀ ਨਿਆਈ[1]
ਦੁਆਰਾ ਦੋਸ਼ੀ ਠਹਿਰਾਇਆ ਜਾਵੇ ਅਤੇ ਇਸ ਤਰਾਂ ਉਹ ਸਾਨੂੰ ਪਰਮੇਸ਼ਵਰ
ਦੀ ਉਸ ਕਠੋਰ ਸਜਾ ਤੋਂ ਛੁਡਾ ਲਵੇ ਜੋ ਸਾਡੇ ਉੱਤੇ ਪੈਣ ਵਾਲੀ ਸੀ[2]।

1 ਲੂਕਾ 23:13-24, ਯੂਹੰਨਾ 19:4, 12-16
2 ਯਸਾਯਾਹ 53:4-5, ਦੂਸਰਾ ਕੁਰਿੰਥੀਆਂ 5:21, ਗਲਾਤੀਆਂ 3:13

**ਸਵਾਲ 39 ਕੀ ਇਹ ਮਹੱਤਵਪੂਰਨ ਹੈ ਕਿ ਕਿਸੇ ਹੋਰ ਤਰੀਕੇ ਨਾਲ ਮਰਨ ਦੀ ਬਜਾਏ ਉਸ ਨੂੰ "ਸਲੀਬ ਦਿੱਤਾ ਗਿਆ ਸੀ" ?**

ਉੱਤਰ ਜੀ ਹਾਂ!
ਇਹ ਮੌਤ ਇਸ ਗੱਲ ਦੀ ਨਿਸ਼ਚਿੱਤਤਾ ਪ੍ਰਦਾਨ ਕਰਦੀ ਹੈ
ਕਿ ਉਸ ਨੇ ਉਸ ਸਰਾਪ ਨੂੰ ਜੋ ਮੇਰੇ ਉੱਤੇ ਹੈ ਸੀ,
ਖੁਦ ਉਠਾ ਲਿਆ ਕਿਉਂਕਿ ਸਲੀਬ ਦਿੱਤੇ ਜਾਣ ਵਾਲੀ ਮੌਤ
ਪਰਮੇਸ਼ਵਰ ਦੁਆਰਾ ਸਰਾਪਿਤ ਹੈ ਸੀ[1]।

1 ਗਲਾਤੀਆਂ 3:10-13 (ਬਿਵਸਥਾ ਸਾਰ 21:23)

## ਪ੍ਰਭੂ ਦਾ 16ਵਾਂ ਦਿਨ

**ਸਵਾਲ 40 ਮਸੀਹ ਨੂੰ ਇਸ ਤਰਾਂ ਮੌਤ ਤੱਕ ਕਿਉਂ ਜਾਣਾ ਪਿਆ ਸੀ ?**

**ਉੱਤਰ** ਕਿਉਂਕਿ ਪਰਮੇਸ਼ਵਰ ਦਾ ਨਿਆਂ ਅਤੇ ਸਚਿਆਈ ਇਸ ਦੀ ਮੰਗ ਕਰਦੇ ਹਨ[1];
ਸਿਰਫ ਪਰਮੇਸ਼ਵਰ ਦੇ ਪੁੱਤਰ ਦੀ ਮੌਤ ਹੀ ਸਾਡੇ ਪਾਪ ਦਾ ਹਰਜਾਨਾ ਅਦਾ
ਕਰ ਸਕਦੀ ਸੀ[2]।

1 ਉਤਪਤ 2:17
2 ਰੋਮੀਆਂ 8:3-4, ਫ਼ਿੱਲਿੱਪੀਆਂ 2:8, ਇਬਰਾਨੀਆਂ 2:9

**ਸਵਾਲ 41 ਉਹ ਕਿਉਂ "ਦਫਨਾਇਆ" ਗਿਆ ਸੀ ?**

**ਉੱਤਰ** ਉਸ ਦਾ ਦਫਨਾਇਆ ਜਾਣਾ ਇਸ ਗੱਲ ਦੀ ਸਾਖੀ ਦਿੰਦਾ ਹੈ ਕਿ
ਉਹ ਸੱਚ ਮੁੱਚ ਮੋਇਆ ਸੀ[1]।

1 ਯਸਾਯਾਹ 53:9, ਯੂਹੰਨਾ 19:38-42, ਰਸੂਲਾ ਦੇ ਕਰਤਬ 13:29, ਪਹਿਲਾ ਕੁਰਿੰਥੀਆਂ 15:3-4

**ਸਵਾਲ 42 ਕਿਉਂਕਿ ਮਸੀਹ ਸਾਡੇ ਵਾਸਤੇ ਮਰ ਚੁੱਕਿਆ ਹੈ,
ਫਿਰ ਵੀ ਸਾਨੂੰ ਕਿਉਂ ਮਰਨਾ ਪੈਂਦਾ ਹੈ ?**

**ਉੱਤਰ** ਸਾਡੀ ਮੌਤ ਸਾਡੇ ਪਾਪਾਂ ਦਾ ਕਰਜ਼ਾ ਅਦਾ ਨਹੀਂ ਕਰਦੀ ਬਲਕਿ,
ਇਹ ਸਾਡੇ ਪਾਪ ਕਰਨ ਦਾ ਅੰਤ ਕਰਦੀ ਹੈ ਅਤੇ
ਇਹ ਅਬਦੀ ਜੀਵਨ ਵਿੱਚ ਸਾਡਾ ਦਾਖਲਾ ਹੈ[2]।

1 ਜ਼ਬੂਰ 49:7
2 ਯੂਹੰਨਾ 5:24, ਫ਼ਿੱਲਿੱਪੀਆਂ 1:21-23, ਪਹਿਲਾ ਥੱਸੁਲੁਨੀਆਂ 5:9-10

**ਸਵਾਲ 43 ਮਸੀਹ ਦੀ ਬਲੀ ਅਤੇ ਸਲੀਬ ਉੱਤੇ ਹੋਈ ਉਸ
ਦੀ ਮੌਤ ਤੋਂ ਅਸੀਂ ਹੋਰ ਕੀ ਲਾਭ ਪਾਉਂਦੇ ਹਾਂ ?**

**ਉੱਤਰ** ਮਸੀਹ ਦੀ ਮੌਤ ਦੇ ਰਾਹੀਂ ਸਾਡੇ ਪੁਰਾਣੇ ਵਿਅਕਤੀਤਵ ਸਲੀਬ ਦਿਤੇ ਗਏ,
ਮਾਰੇ ਗਏ ਅਤੇ ਉਸ ਦੇ ਨਾਲ ਦਫਨਾਏ ਗਏ ਹਨ[1]
ਤਾਂ ਕਿ ਸਰੀਰ ਦੀਆਂ ਬੁਰੀਆਂ ਇੱਛਾਵਾਂ
ਹੁਣ ਅੱਗੇ ਨੂੰ ਸਾਡੇ ਉੱਤੇ ਰਾਜ ਨਾ ਕਰਨ[2],
ਬਲਕਿ ਇਸ ਦੀ ਬਜਾਏ ਅਸੀਂ ਆਪਣੇ ਆਪ ਨੂੰ
ਉਸ ਦੇ ਪ੍ਰਤੀ ਸ਼ੁਕਰਗੁਜ਼ਾਰੀ ਦੀ ਭੇਂਟ ਵਜੋਂ ਸਮਰਪਿਤ ਕਰੀਏ[3]।

1 ਰੋਮੀਆਂ 6:5-11, ਕੁਲੁਸੀਆਂ 2:11-12
2 ਰੋਮੀਆਂ 6:12-14
3 ਰੋਮੀਆਂ 12:1, ਅਫਸੀਆਂ 5:1-2

**ਸਵਾਲ 44 ਇਸ ਵਿਸ਼ਵਾਸ ਦੀ ਲਿਖਤ ਵਿੱਚ ਇਹ ਕਿਉਂ ਜੋੜਿਆ ਗਿਆ ਹੈ
ਕਿ "ਉਹ ਨਰਕ ਤੱਕ ਹੇਠਾਂ ਉੱਤਰਿਆ"?**

**ਉੱਤਰ** ਵਿਅਕਤੀਗਤ ਦੁਵਿਧਾ ਅਤੇ ਪਰਤਾਵੇ ਦੇ ਦੌਰਾਨ ਮੈਨੂੰ ਇਹ
ਨਿਸ਼ਚਿੱਤਤਾ ਦੇਣ ਲਈ ਕਿ ਮੇਰੇ ਪ੍ਰਭੂ ਮਸੀਹ ਨੇ ਖਾਸ ਕਰਕੇ ਸਲੀਬ
ਉੱਤੇ ਪਰ ਇਸ ਤੋਂ ਪਹਿਲਾਂ ਵੀ, ਬੇ-ਬਿਆਨ, ਘੋਰ-ਪੀੜ, ਦਰਦ ਅਤੇ
ਜਾਨ ਦੇ ਭੈ ਨੂੰ ਸਹਿਨ ਕਰਕੇ ਮੈਨੂੰ ਨਰਕ ਦੀ ਘੋਰ-ਪੀੜਾ ਅਤੇ ਦੁੱਖ ਤੋਂ ਛੁਡਾ ਲਿਆ ਹੈ[1]।

1 ਯਸਾਯਾਹ 53 ਅਧਿਆਇ, ਮੱਤੀ 26:36-46, 27:45-46,
ਲੂਕਾ 22:44, ਇਬਰਾਨੀਆਂ 5:7-10



## ਪ੍ਰਭੂ ਦਾ 17ਵਾਂ ਦਿਨ

**ਸਵਾਲ 45 ਸਮੀਹ ਦਾ ਮੁਰਦਿਆਂ ਵਿੱਚੋਂ ਦੁਬਾਰਾ ਜੀ ਉੱਠਣਾ ਸਾਡੇ
ਲਈ ਕਿਵੇਂ ਲਾਭਦਾਇਕ ਹੈ ?**

**ਉੱਤਰ** ਸੱਭ ਤੋਂ ਪਹਿਲਾਂ ਇਹ ਕਿ ਉਸ ਦੇ ਦੁਬਾਰਾ ਜੀ ਉੱਠਣ ਦੇ ਦੁਆਰਾ ਉਸ ਨੇ ਮੌਤ
ਉੱਤੇ ਫਤਹਿ ਪਾਈ ਹੈ, ਤਾਂ ਕਿ ਉਹ ਸਾਨੂੰ ਉਸ ਧਾਰਮਿਕਤਾ ਵਿੱਚ ਹਿੱਸੇਦਾਰ
ਬਣਾਵੇ ਜੋ ਉਸ ਨੇ ਆਪਣੀ ਮੌਤ ਦੇ ਦੁਆਰਾ ਹਾਸਲ ਕੀਤੀ ਸੀ[1]।

ਦੂਸਰਾ ਇਹ ਕਿ- ਉਸ ਦੀ ਸ਼ਕਤੀ ਦੇ ਦੁਆਰਾ
ਅਸੀਂ ਭੀ ਹੁਣ ਪਹਿਲਾਂ ਹੀ ਇੱਕ ਨਵੇਂ ਜੀਉਣ ਲਈ ਜਿੰਦਾ ਕੀਤੇ ਗਏ ਹਾਂ[2]।

ਤੀਸਰਾ ਇਹ ਕਿ ਮਸੀਹ ਦਾ ਦੁਬਾਰਾ ਜੀ ਉੱਠਣਾ ਸਾਡੇ
ਮਹਿਮਾਮਈ ਦੁਬਾਰਾ ਜੀ ਉੱਠਣ ਦੀ ਇੱਕ ਗਰੰਟੀ ਹੈ[3]।

1 ਰੋਮੀਆਂ 4:25, ਪਹਿਲਾ ਕੁਰਿੰਥੀਆਂ 15:16-20, ਪਹਿਲਾ ਪਤਰਸ 1:3-5
2 ਰੋਮੀਆਂ 6:5-11, ਅਫਸੀਆਂ 2:4-6, ਕੁਲੁਸੀਆਂ 3:1-4
3 ਰੋਮੀਆਂ 8:11, ਪਹਿਲਾ ਕੁਰਿੰਥੀਆਂ 15:12-23, ਫ਼ਿੱਲਿੱਪੀਆਂ 3:20-21

## ਪ੍ਰਭੂ ਦਾ 18ਵਾਂ ਦਿਨ

**ਸਵਾਲ 46 ਆਪ ਦੇ ਇਸ ਤਰਾਂ ਆਖਣ ਤੋਂ ਕੀ ਭਾਵ ਹੈ ਕਿ, "ਉਹ ਸੁਰਗ ਤੱਕ ਉੱਪਰ ਚੜ੍ਹਿਆ ਸੀ" ?**

**ਉੱਤਰ** ਇਹ ਕਿ ਉਸ ਦੇ ਚੇਲਿਆਂ ਦੇ ਵੇਖਦਿਆਂ-ਵੇਖਦਿਆਂ
ਧਰਤੀ ਉੱਤੋਂ ਆਕਾਸ਼ ਉਪੱਰ ਉਠਾ ਲਿਆ ਗਿਆ ਸੀ[1]
ਅਤੇ ਸਾਡੀ ਭਲਾਈ ਲਈ ਉਹ ਉੱਥੇ ਹੀ ਹੋਵੇਗਾ[2]
ਜਦੋਂ ਤੱਕ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ
ਨਿਆਂ ਕਰਨ ਲਈ ਦੁਬਾਰਾ ਵਾਪਸ ਨਹੀਂ ਆਉਂਦਾ[3]।

1 ਲੂਕਾ 24:50-51, ਰਸੂਲਾਂ ਦੇ ਕਰੱਤਬ 1:9-11
2 ਰੋਮੀਆਂ 8:34, ਅਫਸੀਆਂ 4:8-10, ਇਬਰਾਨੀਆਂ 7:23-25, 9:24
3 ਰਸੂਲਾਂ ਦੇ ਕਰੱਤਬ 1:11

**ਸਵਾਲ 47 ਪਰ ਠੀਕ ਜਿਸ ਤਰਾਂ ਉਸ ਨੇ ਸਾਡੇ ਨਾਲ ਵਾਇਦਾ ਕੀਤਾ ਸੀ, ਕੀ ਮਸੀਹ ਇਸ ਜਗਤ ਦੇ ਅੰਤ ਤੱਕ ਸਾਡੇ ਨਾਲ ਨਹੀਂ ਹੈ[1] ?**

**ਉੱਤਰ** ਮਸੀਹ ਪੂਰੀ ਤਰਾਂ ਮਨੁੱਖ ਅਤੇ ਪੂਰੀ ਤਰਾਂ ਪਰਮੇਸ਼ਵਰ ਹੈ।
ਉਸ ਦੇ ਮਨੁੱਖੀ ਸੁਭਾਉ ਵਿੱਚੋ ਹੋ ਕੇ ਮਸੀਹ ਹੁਣ ਇਸ ਧਰਤੀ ਉੱਤੇ ਨਹੀਂ ਹੈ[2],
ਪਰ ਉਸ ਦੀ ਈਸ਼ੁਰਤਾਈ, ਸ਼ਾਨ, ਕਿਰਪਾ ਅਤੇ ਆਤਮਾ ਵਿੱਚ
ਉਹ ਇੱਕ ਘੜੀ ਲਈ ਭੀ ਸਾਥੋਂ ਪਰੇ ਨਹੀਂ ਹੈ[3]।

1 ਮੱਤੀ 28:20
2 ਰਸੂਲਾਂ ਦੇ ਕਰਤੱਬ 1:9-11, 3:19-21
3 ਮੱਤੀ 28:18-20, ਯੂਹੰਨਾ 14:16-19

**ਸਵਾਲ 48 ਜੇਕਰ ਉਸ ਦੀ ਮਨੁੱਖਤਾਈ ਉੱਥੇ ਹਾਜ਼ਰ ਨਹੀਂ ਹੁੰਦੀ ਜਿੱਥੇ ਉਸ ਦੀ ਈਸ਼ੁਰਤਾਈ ਹੁੰਦੀ ਹੈ ਤਦ ਕੀ ਮਸੀਹ ਦੇ ਦੋਵੇਂ ਸੁਭਾਉ ਇੱਕ ਦੂਸਰੇ ਤੋਂ ਅੱਡ ਨਹੀਂ ਕੀਤੇ ਗਏ ਹਨ ?**

**ਉੱਤਰ** ਬਿਲਕੁੱਲ ਨਹੀ!
ਕਿਉਂਕਿ ਈਸ਼ੁਰਤਾਈ ਸੀਮਿਤ ਨਹੀਂ ਹੈ
ਅਤੇ ਹਰ ਥਾਂ ਮੌਜੂਦ ਹੈ[1]।
ਇਹ ਸਾਫ ਜਾਹਿਰ ਹੈ ਕਿ
ਮਸੀਹ ਦੀ ਈਸ਼ੁਰਤਾਈ ਮਨੁੱਖਤਾਈ ਦੇ ਬੰਧਨਾਂ ਤੋਂ ਬਿਲਕੁੱਲ ਪਰ੍ਹੇ ਹੈ,
ਜੋ ਉਸ ਨੇ ਆਪਣੇ ਉੱਤੇ ਧਾਰੀ ਸੀ,
ਪਰ ਉਸੇ ਸਮੇਂ ਉਸ ਦੀ ਈਸ਼ੁਰਤਾਈ ਉਸ ਵਿੱਚ ਮੌਜੂਦ ਹੈ
ਅਤੇ ਉਸ ਦੀ ਮਨੁੱਖਤਾਈ ਦੇ ਨਾਲ ਨਿੱਜੀ ਤੌਰ ਤੇ ਜੁੜੀ ਰਹਿੰਦੀ ਹੈ[2]।

1 ਯਿਰਮਿਯਾਹ 23:23-24, ਰਸੂਲਾਂ ਦੇ ਕਰੱਤਬ 7:48-49 (ਯਸਾਯਾਹ 66:1)
2 ਯੂਹੰਨਾ 1:14, 3:13, ਕੁਲੁਸੀਆਂ 2:29

**ਸਵਾਲ 49 ਮਸੀਹ ਦਾ ਸੁਰਗ ਨੂੰ ਉੱਪਰ ਚੜ੍ਹਨਾ ਸਾਨੂੰ ਕਿਵੇਂ ਲਾਭ ਪਹੁੰਚਾਉਂਦਾ ਹੈ ?**

**ਉੱਤਰ** ਪਹਿਲਾ, ਇਹ ਕਿ
ਸੁਰਗ ਵਿੱਚ
ਉਸ ਦੇ ਪਿਤਾ ਦੀ ਹਜ਼ੂਰੀ ਵਿੱਚ ਉਹ ਸਾਡੀ ਵਕਾਲਤ ਕਰਦਾ ਹੈ[1]।

ਦੂਸਰਾ, ਇਹ ਕਿ ਸੁਰਗ ਵਿੱਚ ਸਾਡਾ ਖੁਦ ਦਾ ਮਾਸ ਹੈ-
ਇਹ ਇਸ ਗੱਲ ਦੀ ਗਰੰਟੀ ਹੈ ਕਿ ਸਾਡਾ ਸਿਰ
ਮਸੀਹ ਸਾਨੂੰ, ਜੋ ਉਸ ਦੇ ਮੈਂਬਰ ਹਾਂ,
ਸੁਰਗ ਵਿੱਚ ਆਪਣੇ ਆਪ ਕੋਲ ਲੈ ਜਾਵੇਗਾ[2]।

ਤੀਸਰਾ ਇਹ ਕਿ ਇਸ ਧਰਤੀ ਉੱਤੇ ਸਾਡੇ ਕੋਲ ਉਹ ਆਪਣਾ ਆਤਮਾ
ਇੱਕ ਹੋਰ ਗਰੰਟੀ ਵਜੋਂ ਭੇਜਦਾ ਹੈ[3]।
ਆਤਮਾ ਦੀ ਸ਼ਕਤੀ ਦੇ ਦੁਆਰਾ,
ਅਸੀਂ ਧਰਤੀ ਉਤਲੀਆਂ ਵਸਤਾਂ ਨੂੰ ਆਪਣੇ ਜੀਉਣ ਦਾ
ਨਿਸ਼ਾਨਾ ਨਹੀਂ ਬਣਾਉਂਦੇ,
ਬਲਕਿ ਉਨ੍ਹਾਂ ਚੀਜ਼ਾਂ ਨੂੰ ਜੋ ਉੱਪਰ ਹਨ,
ਜਿੱਥੇ ਮਸੀਹ ਪਰਮੇਸ਼ਵਰ ਦੇ ਸੱਜੇ ਹੱਥ ਬਿਰਾਜਮਾਨ ਹੈ[4]।

1 ਰੋਮੀਆਂ 8:34, ਪਹਿਲਾ ਯੂਹੰਨਾ 2:1
2 ਯੂਹੰਨਾ 14:2, 17:24, ਅਫਸੀਆਂ 2:4-6
3 ਯੂਹੰਨਾ 14:16, ਦੂਸਰਾ ਕੁਰਿੰਥੀਆਂ 1:21-22, 5:5
4 ਕੁਲੁਸੀਆਂ 3:1-4

## ਪ੍ਰਭੂ ਦਾ 19ਵਾਂ ਦਿਨ

**ਸਵਾਲ 50 ਅਗਲੇ ਬਚਨ ਇਸ ਤਰਾਂ ਕਿਉਂ ਹਨ, "ਅਤੇ ਪਰਮੇਸ਼ਵਰ ਦੇ ਸੱਜੇ ਪਾਸੇ ਬੈਠਾ ਹੈ" ?**

**ਉੱਤਰ** ਮਸੀਹ ਸੁਰਗ ਉੱਤੇ ਇਹ ਵਿਖਾਉਣ
ਲਈ ਚੜ੍ਹਿਆ ਕਿ ਉਹ ਉਸ ਦੀ ਕਲੀਸੀਆ ਦਾ ਸਿਰ ਹੈ[1]
ਅਤੇ ਇਹ ਕਿ ਪਿਤਾ ਉਸ ਦੇ ਰਾਹੀਂ ਸਭਨਾਂ ਚੀਜ਼ਾਂ ਉੱਤੇ ਰਾਜ ਕਰਦਾ ਹੈ[2]।

1 ਅਫਸੀਆਂ 1:20-23, ਕੁਲੁਸੀਆਂ 1:18
2 ਮੱਤੀ 28:18, ਯੂਹੰਨਾ 5:22-23

**ਸਵਾਲ 51 ਸਾਡੇ ਸਿਰ, ਮਸੀਹ ਦੀ ਇਹ ਮਹਿਮਾ ਸਾਡੇ ਲਈ ਕਿਵੇਂ ਲਾਭਦਾਇਕ ਹੈ ?**

**ਉੱਤਰ** ਸੱਭ ਤੋਂ ਪਹਿਲਾਂ, ਉਹ ਆਪਣੇ ਪਵਿੱਤਰ- ਆਤਮਾ
ਦੇ ਰਾਹੀਂ, ਸੁਰਗ ਤੋਂ ਸਾਡੇ ਉੱਤੇ ਆਪਣੇ ਬਰਦਾਨ ਡੋਹਲਦਾ ਹੈ
ਜੋ ਉਸ ਦੇ ਅੰਗ ਹਾਂ[1]।

ਦੂਸਰਾ, ਉਸ ਦੀ ਸ਼ਕਤੀ ਦੇ ਦੁਆਰਾ ਉਹ ਸਾਡੀ ਰੱਖਿਆ ਕਰਦਾ ਹੈ
ਅਤੇ ਸਾਰੇ ਵੈਰੀਆਂ ਤੋਂ ਸਾਨੂੰ ਬਚਾਈ ਰੱਖਦਾ ਹੈ[2]।

1 ਰਸੂਲਾਂ ਦੇ ਕਰਤੱਬ 2:33, ਅਫਸੀਆ 4:7-12
2 ਜ਼ਬੂਰ 110:1-2, ਯੂਹੰਨਾ 10:27-30, ਪ੍ਰਕਾਸ਼ ਦੀ ਪੋਥੀ 19:11-16

**ਸਵਾਲ 52 ਮਸੀਹ ਦਾ "ਜਿਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ" ਆਉਣਾ ਸਾਨੂੰ ਕਿਵੇ ਦਿਲਾਸਾ ਦਿੰਦਾ ਹੈ ?**

**ਉੱਤਰ** ਆਪਣੀ ਸਾਰੀ ਬਿਪਤਾ ਅਤੇ ਸਤਾਉ ਦੇ ਦੌਰਾਨ
ਮੈਂ ਆਪਣੀਆਂ ਅੱਖਾਂ ਆਕਾਸ਼ ਵੱਲ, ਚੁੱਕਦਾ ਹਾਂ
ਅਤੇ ਪੂਰੇ ਭਰੋਸੇ ਨਾਲ ਉਸ ਨਿਆਈਂ ਦੀ ਉਡੀਕ ਕਰਦਾ ਹਾਂ
ਜੋ ਮੇਰੇ ਥਾਂ ਪਰਮੇਸ਼ਵਰ ਦੇ ਸਨਮੁੱਖ ਪਹਿਲਾਂ ਹੀ ਪੇਸ਼ ਹੋ ਚੁੱਕਾ ਹੈ
ਅਤੇ ਇਸ ਤਰਾਂ ਉਸ ਨੇ ਸਾਰਾ ਸਰਾਪ ਮੈਥੋਂ ਦੂਰ ਕਰ ਦਿੱਤਾ ਹੈ[1]।

ਉਹ ਆਪਣੇ ਅਤੇ ਮੇਰੇ ਸਾਰੇ ਵੈਰੀਆਂ ਨੂੰ ਅਬਦੀ ਸਜ਼ਾ ਦਾ ਦੋਸ਼ੀ ਠਹਿਰਾਵੇਗਾ,
ਪਰ ਮੈਨੂੰ ਅਤੇ ਉਸ ਦੇ ਸਾਰੇ ਚੁਣੇ ਹੋਇਆਂ ਨੂੰ ਉਹ ਆਪਣੇ ਨਾਲ
ਸੁਰਗ ਦੇ ਆਨੰਦ ਅਤੇ ਮਹਿਮਾ ਵਿੱਚ ਲੈ ਜਾਵੇਗਾ[2]।

1 ਲੂਕਾ 21:28, ਰੋਮੀਆਂ 8:22-25, ਫਿਲਿੱਪੀਆਂ 3:20-21, ਤੀਤੁਸ 2:13-14
2 ਮੱਤੀ 25:31-46, ਦੂਸਰਾ ਥੱਸੁਲੁਨੀਕੀਆਂ 1:6-10



## ਪ੍ਰਭੂ ਦਾ 20ਵਾਂ ਦਿਨ

### *ਪਰਮੇਸ਼ਵਰ ਪਵਿੱਤਰ ਆਤਮਾ*

**ਸਵਾਲ 53 "ਪਵਿੱਤਰ ਆਤਮਾ" ਦੇ ਸੰਬੰਧ ਵਿੱਚ ਆਪ ਕੀ ਵਿਸ਼ਵਾਸ ਕਰਦੇ ਹੋ ?**

**ਉੱਤਰ** ਪਹਿਲਾ ਇਹ ਕਿ, ਉਹ ਪਿਤਾ ਅਤੇ ਪੁੱਤਰ ਦੀ
ਤਰਾਂ ਹੀ ਅਬਦੀ ਪਰਮੇਸ਼ਵਰ ਹੈ[1]।

ਦੂਸਰਾ ਇਹ ਕਿ ਉਹ ਮੈਨੂੰ ਵਿਅਕਤੀਗਤ ਤੌਰ ਤੇ ਦਿੱਤਾ ਗਿਆ ਹੈ[2],
ਸੱਚੇ ਵਿਸ਼ਵਾਸ ਦੇ ਦੁਆਰਾ ਉਹ ਮੈਨੂੰ ਮਸੀਹ
ਅਤੇ ਉਸ ਦੀਆਂ ਸਾਰੀਆਂ ਬਰਕਤਾਂ ਵਿੱਚ ਸ਼ਰੀਕ ਕਰਦਾ ਹੈ[3],
ਮੈਨੂੰ ਦਿਲਾਸਾ ਦਿੰਦਾ ਹੈ,[4]
ਅਤੇ ਹਮੇਸ਼ਾ ਮੇਰੇ ਨਾਲ ਰਹਿੰਦਾ ਹੈ[5]।

1 ਉਤਪਤ 1:1-2, ਮੱਤੀ 28:19, ਰਸੂਲਾਂ ਦੇ ਕਰਤੱਬ 5:3-4
2 ਪਹਿਲਾ ਕੁਰਿੰਥੀਆਂ 6:19, ਦੂਸਰੀ ਕੁਰਿੰਥੀਆਂ 1:21-22, ਗਲਾਤੀਆਂ 4:6
3 ਗਲਾਤੀਆਂ 3:14
4 ਯੂਹੰਨਾ 15:26, ਰਸੂਲਾਂ ਦੇ ਕਰਤੱਬ 9:31
5 ਯੂਹੰਨਾ 14:16-17, ਪਹਿਲਾ ਪਤਰਸ 4:14

## ਪ੍ਰਭੂ ਦਾ 21ਵਾਂ ਦਿਨ

**ਸਵਾਲ 54 "ਪਵਿੱਤਰ ਵਿਸ਼ਵਵਿਆਪੀ ਕਲੀਸੀਆ" ਦੇ ਵਾਰੇ ਆਪ ਕੀ ਵਿਸ਼ਵਾਸ ਕਰਦੇ ਹੋ ?**

**ਉੱਤਰ** ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ
ਪਰਮੇਸ਼ਵਰ ਦਾ ਪੁੱਤਰ, ਉਸ ਦੇ ਆਤਮਾ ਅਤੇ ਬਚਨ ਦੇ ਰਾਹੀਂ[1],
ਸਮੁੱਚੀ ਮਨੁੱਖ[2] ਜਾਤੀ ਵਿੱਚੋਂ,
ਇਸ ਜਗਤ ਦੇ ਆਰੰਭ ਤੋਂ ਲੈ ਕੇ ਇਸ ਦੇ ਅੰਤ ਤੱਕ[3],
ਆਪਣੇ ਵਾਸਤੇ ਇੱਕ ਸਮਾਜ ਨੂੰ ਇਕੱਠੇ ਕਰਦਾ, ਬਚਾਉਂਦਾ ਅਤੇ ਸੰਭਾਲਦਾ ਹੈ
ਜੋ ਸਦੀਪਕ ਜੀਵਨ ਲਈ ਚੁਣਿਆ ਹੋਇਆ ਹੈ[4]
ਅਤੇ ਸੱਚੀ ਨਿਹਚਾ ਵਿੱਚ ਜੁੜਿਆ ਹੋਇਆ ਹੈ[5]।
ਅਤੇ ਇਸ ਸਮਾਜ ਦਾ ਮੈਂ ਇੱਕ ਜਿਉਂਦਾ ਮੈਂਬਰ ਹਾਂ[6]
ਅਤੇ ਹਮੇਸ਼ਾ ਰਹਾਂਗਾ[7]।

1 ਯੂਹੰਨਾ 10:14-16, ਰਸੂਲਾਂ ਦੇ ਕਰਤੱਬ 20:28, ਰੋਮੀਆਂ 10:14-17, ਕੁਲੁਸੀਆਂ 1:18
2 ਉਤਪਤ 26:3-4, ਪ੍ਰਕਾਸ਼ ਦੀ ਪੋਥੀ 5:9
3 ਯਸਾਯਾਹ 59:21, ਪਹਿਲਾ ਕੁਰਿੰਥੀਆਂ 11:26
4 ਮੱਤੀ 16:28, ਯੂਹੰਨਾ 10:28-30, ਰੋਮੀਆਂ 8:28-30, ਅਫਸੀਆਂ 1:3-14
5 ਰਸੂਲਾਂ ਦੇ ਕਰਤੱਬ 2:42-47, ਅਫਸੀਆਂ 4:1-6
6 ਪਹਿਲਾ ਯੂਹੰਨਾ 3:14, 19-21
7 ਯੂਹੰਨਾ 10:27-28, ਪਹਿਲਾ ਕੁਰਿੰਥੀਆਂ 1:4-9 ਪਹਿਲਾ ਪਤਰਸ 1:3-5

**ਸਵਾਲ 55 "ਸੰਤਾਂ ਦੀ ਸੰਗਤੀ" ਤੋਂ ਆਪ ਕੀ ਸਮਝਦੇ ਹੋ ?**

ਉੱਤਰ ਪਹਿਲੀ ਗੱਲ ਇਹ ਕਿ ਵਿਸ਼ਵਾਸੀ ਇੱਕ ਅਤੇ ਸਾਰੇ ਮਿਲ ਕੇ,
ਇਸ ਸਮਾਜ ਦੇ ਮੈਂਬਰਾਂ ਵਜੋਂ,
ਮਸੀਹ ਵਿੱਚ ਅਤੇ ਉਸ ਦੇ ਸਾਰੇ ਖਜਾਨਿਆਂ ਅਤੇ
ਬਰਦਾਨਾਂ ਵਿੱਚ ਸ਼ਰੀਕ ਹੁੰਦੇ ਹਨ[1]।

ਦੂਸਰੀ ਗੱਲ ਇਹ ਕਿ, ਹਰੇਕ ਮੈਂਬਰ ਨੂੰ ਉਸ ਦੀ ਇਹ
ਜ਼ਿੰਮੇਵਾਰੀ ਵਜੋਂ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਇਹਨਾਂ
ਬਰਦਾਨਾਂ ਦਾ ਇਸਤੇਮਾਲ ਖੁਸ਼ੀ ਅਤੇ ਸਵੈ-ਇੱਛਾ ਦੇ ਅਨੁਸਾਰ ਦੂਸਰੇ
ਮੈਂਬਰਾਂ ਦੀ ਸੇਵਾ ਅਤੇ ਵਾਧੇ ਲਈ ਕਰੇ[2]।

1 ਰੋਮੀਆਂ 8:32, ਪਹਿਲਾ ਕੁਰਿੰਥੀਆਂ 6:17, 12:4-7, 12-13, ਪਹਿਲਾ ਯੂਹੰਨਾ 1:3
2 ਰੋਮੀਆਂ 12:4-8, ਪਹਿਲਾ ਕੁਰਿੰਥੀਆਂ 12:20-27, 13:1-7, ਫ਼ਿਲਿੱਪੀਆਂ 2:4-8



**ਸਵਾਲ 56 "ਪਾਪਾਂ ਦੀ ਮਾਫੀ" ਦੇ ਵਾਰੇ ਆਪ ਕੀ ਵਿਸ਼ਵਾਸ ਕਰਦੇ ਹੋ ?**

**ਉੱਤਰ** ਮੈਂ ਵਿਸ਼ਵਾਸ ਕਰਦਾ ਹਾਂ ਕਿ
ਮਸੀਹ ਦੇ ਪ੍ਰਾਸਚਿਤ ਦੇ ਕਾਰਨ ਪਰਮੇਸ਼ਵਰ
ਕਦੇ ਵੀ ਮੇਰੇ ਪਾਪਾਂ ਵਿੱਚੋਂ ਕਿਸੇ ਨੂੰ ਵੀ
ਮੇਰੇ ਵਿਰੁੱਧ ਨਹੀਂ ਗਿਣੇਗਾ[1],
ਨਾਂ ਹੀ ਮੇਰੇ ਪਾਪੀ ਸੁਭਾਅ ਨੂੰ,
ਜਿਸ ਦੇ ਵਿਰੁਧ ਮੇਰਾ ਸਾਰਾ ਜੀਵਨ
ਮੈਨੂੰ ਜਦੋ-ਜਹਿਦ ਕਰਨ ਦੀ ਜਰੂਰਤ ਹੈ[2]।

ਬਲਕਿ, ਆਪਣੀ ਕਿਰਪਾ ਦੇ ਅਨੁਸਾਰ ਪਰਮੇਸ਼ਵਰ
ਮੈਨੂੰ ਸਜ਼ਾ ਤੋਂ ਹਮੇਸ਼ਾ ਵਾਸਤੇ ਛੁਡਾਉਣ ਲਈ ਮਸੀਹ
ਦੀ ਧਾਰਮਿਕਤਾ ਬਖਸ਼ਦਾ ਹੈ[3]।

1 ਜ਼ਬੂਰ 103:3-4, 10,12, ਮੀਕਾਹ 7:18-19, ਦੂਸਰਾ ਕੁਰਿੰਥੀਆਂ 5:18-21, ਪਹਿਲਾ ਯੂਹੰਨਾ 1:7, 2:2
2 ਰੋਮੀਆਂ 7:21-25
3 ਯੂਹੰਨਾ 3:17-18, ਰੋਮੀਆਂ 8:1-2

## ਪ੍ਰਭੂ ਦਾ 22ਵਾਂ ਦਿਨ

**ਸਵਾਲ 57 "ਦੇਹ ਦਾ ਦੁਬਾਰਾ ਜੀ ਉਠਣਾ"**
**ਆਪ ਨੂੰ ਕਿਵੇਂ ਦਿਲਾਸਾ ਦਿੰਦਾ ਹੈ ?**

**ਉੱਤਰ** ਇਸ ਜੀਉਣ ਤੋਂ ਬਾਅਦ ਸਿਰਫ ਮੇਰੀ ਜਾਨ ਹੀ
ਮਸੀਹ ਕੋਲ ਨਹੀਂ ਲਿਜਾਈ ਜਾਵੇਗੀ, ਜੋ ਇਸਦਾ ਸਿਰ ਹੈ[1],
ਬਲਕਿ ਮੇਰਾ ਇਹ ਸਰੀਰ ਵੀ,
ਜੋ ਕਿ ਮਸੀਹ ਦੀ ਸ਼ਕਤੀ ਦੇ ਦੁਆਰਾ ਉਠਾਏ ਜਾਣ ਤੋਂ ਬਾਅਦ,
ਮੇਰੀ ਜਾਨ ਦੇ ਨਾਲ ਦੁਬਾਰਾ ਫਿਰ ਮਿਲਾਇਆ ਜਾਵੇਗਾ
ਅਤੇ ਇਸ ਨੂੰ ਮਸੀਹ ਦੀ ਮਹਿਮਾਈ ਦੇਹ ਵਰਗਾ ਬਣਾਇਆ ਜਾਵੇਗਾ[2]।

1 ਲੂਕਾ 23:43, ਫਿੱਲਿਪੀਆਂ 1:21-23
2 ਪਹਿਲਾ ਕੁਰਿੰਥੀਆਂ 15:20, 42-46, 54, ਫਿੱਲਿੱਪੀਆਂ 3:21, ਪਹਿਲਾਂ ਯੂਹੰਨਾ 3:2

**ਸਵਾਲ 58 "ਸਦੀਪਕ ਜੀਉਣ" ਨਾਲ ਸੰਬੰਧਤ**
**ਲੇਖ ਆਪ ਨੂੰ ਕਿਵੇਂ ਦਿਲਾਸਾ ਦਿੰਦਾ ਹੈ ?**

**ਉੱਤਰ** ਜਿਵੇਂ ਕਿ ਮੈਂ ਹੁਣ ਪਹਿਲਾਂ ਹੀ ਆਪਣੇ
ਦਿੱਲ ਵਿੱਚ ਅਬਦੀ ਅਨੰਦ ਦੇ ਆਰੰਭ ਦਾ
ਅਨੁਭਵ ਕਰਦਾ ਹਾਂ[1],
ਇਸੇ ਤਰ੍ਹਾਂ ਇਸ ਜੀਉਣ ਤੋਂ ਬਾਅਦ
ਮੈਂ ਸੰਪੂਰਨ ਬਰਕਤ ਪਾਵਾਂਗਾ,
ਜੋ ਕਿ ਕਿਸੇ ਵੀ ਅੱਖ ਨੇ ਨਹੀਂ ਦੇਖੀ,
ਨਾਂ ਕਿਸੇ ਨੇ ਕੰਨੀ ਸੁਣੀ ਹੈ ਅਤੇ ਨਾਂ ਹੀ ਕਿਸੇ
ਮਨੁੱਖੀ ਦਿੱਲ ਵਿੱਚ ਕਦੇ ਇਸ ਦਾ ਵਿਚਾਰ ਆਇਆ:
ਇੱਕ ਇਹੋ ਜਿਹੀ ਬਰਕਤ ਜਿਸ ਵਿੱਚ ਮੈਂ ਸਦਾਕਾਲ ਤੱਕ
ਪਰਮੇਸ਼ਵਰ ਦੀ ਉਸਤਤਿ ਕਰਾਂਗਾ[2]।

1 ਰੋਮੀਆਂ 14:17
2 ਯੂਹੰਨਾ 17:3, ਪਹਿਲਾ ਕੁਰਿੰਥੀਆਂ 2:9



## ਪ੍ਰਭੂ ਦਾ 23ਵਾਂ ਦਿਨ

**ਸਵਾਲ 59 ਪਰ ਇਸ ਸੱਭ ਵਾਰੇ ਵਿਸ਼ਵਾਸ ਕਰਨ ਨਾਲ,**
**ਇਹ ਆਪ ਦੇ ਲਈ ਕੀ ਭਲਾਈ ਕਰਦਾ ਹੈ ?**

**ਉੱਤਰ** ਮਸੀਹ ਵਿੱਚ ਮੇਰਾ ਮੇਲ ਪਰਮੇਸ਼ਵਰ ਨਾਲ ਹੈ
ਅਤੇ ਮੈਂ ਸਦੀਪਕ ਜੀਉਣ ਦਾ ਵਾਰਿਸ ਹਾਂ[1]।

1 ਯੂਹੰਨਾ 3:16, ਰੋਮੀਆਂ 1:17, (ਇਬਰਾਨੀਆਂ 2:4), ਰੋਮੀਆਂ 5:1-2

**ਸਵਾਲ 60 ਆਪ ਪਰਮੇਸ਼ਵਰ ਨਾਲ ਕਿਵੇਂ ਮਿਲੇ ਹੋਏ ਹੋ ?**

**ਉੱਤਰ** ਸਿਰਫ ਯਿਸੂ ਮਸੀਹ ਵਿੱਚ ਸੱਚੀ ਨਿਹਚਾ ਨਾਲ[1]।
ਭਾਵੇਂ ਮੇਰਾ ਜ਼ਮੀਰ ਪਰਮੇਸ਼ਵਰ ਦੇ ਸਾਰੇ ਹੁਕਮਾਂ
ਦੇ ਵਿਰੁੱਧ ਪਾਪ ਕਰਨ ਲਈ ਮੈਨੂੰ ਦੋਸ਼ੀ ਠਹਿਰਾਉਂਦਾ ਹੈ
ਅਤੇ ਇਸ ਵਾਰੇ ਵੀ ਕਿ ਮੈਂ ਉਹਨਾਂ ਵਿੱਚੋਂ ਕਿਸੇ ਦੀ ਵੀ
ਕਦੇ ਪਾਲਣਾ ਨਹੀਂ ਕੀਤੀ[2]
ਅਤੇ ਅਜੇ ਵੀ ਭਾਵੇਂ ਮੇਰਾ ਝੁਕਾਅ
ਹਰ ਬੁਰਾਈ ਵੱਲ੍ਹ ਹੀ ਰਹਿੰਦਾ ਹੈ[3]
ਫਿਰ ਵੀ, ਜਿਸ ਦਾ ਹੱਕਦਾਰ ਹੋਣ ਤੋਂ ਬਿਲਕੁੱਲ ਬਗੈਰ[4],
ਸਿਰਫ ਕਿਰਪਾ ਦੇ ਕਾਰਨ[5] ਹੀ,
ਪਰਮੇਸ਼ਵਰ ਮੈਨੂੰ ਮਸੀਹ ਦੀ ਸੰਪੂਰਨ ਸੰਤੁਸ਼ਟੀ,
ਧਾਰਮਿਕਤਾ ਅਤੇ ਪਵਿੱਤਰਤਾਈ ਬਖਸ਼ਦਾ ਅਤੇ ਮੇਰੇ ਲੇਖੇ ਇਸ ਤਰਾਂ ਜੋੜਦਾ ਹੈ[6]
ਜਿਵੇਂ ਕਿ ਨਾਂ ਤਾਂ ਮੈਂ ਕਦੇ ਪਾਪ ਕੀਤਾ ਹੋਵੇ ਅਤੇ ਨਾਂ ਹੀ ਕਦੇ ਪਾਪੀ ਰਿਹਾ ਹੋਵਾਂ,
ਇਸ ਤਰਾਂ ਜਿਵੇਂ ਕਿ ਉਨਾਂ ਹੀ ਪੂਰਨ ਆਗਿਆਕਾਰੀ ਰਿਹਾ ਹੋਵਾਂ
ਜਿੰਨਾਂ ਕਿ ਮਸੀਹ ਮੇਰੇ ਵਾਸਤੇ ਆਗਿਆਕਾਰੀ ਰਿਹਾ ਸੀ[7]।

ਉਹ ਸੱਭ ਜੋ ਮੈਨੂੰ ਕਰਨ ਦੀ ਜ਼ਰੂਰਤ ਹੈ ਉਹ ਤਾਂ ਸਿਰਫ
ਪਰਮੇਸ਼ਵਰ ਦੇ ਇਸ ਬਰਦਾਨ ਨੂੰ ਇਹ ਨਿਹਚਾ ਕਰਨ ਵਾਲੇ
ਦਿੱਲ ਨਾਲ ਕਬੂਲ ਕਰਨਾ ਹੀ ਹੈ[8]।

1 ਰੋਮੀਆਂ 3:21-28, ਗਲਾਤੀਆਂ 2:16, ਅਫਸੀਆਂ 2:8-9, ਫਿੱਲਿੱਪੀਆਂ 3:8-11
2 ਰੋਮੀਆਂ 3:9-10
3 ਰੋਮੀਆਂ 7:23
4 ਤੀਤੁਸ 3:4-5
5 ਰੋਮੀਆਂ 3:24, ਅਫਸੀਆਂ 2:8
6 ਰੋਮੀਆਂ 4:3-5 (ਉਤਪਤ 15:6), ਦੂਸਰੀ ਕੁਰਿੰਥੀਆਂ 5:17-19, ਪਹਿਲਾ ਯੂਹੰਨਾ 2:1-2
7 ਰੋਮੀਆਂ 4:24-25, ਦੂਸਰਾ ਕੁਰਿੰਥੀਆਂ 5:21
8 ਯੂਹੰਨਾ 3:18, ਰਸੂਲਾਂ ਦੇ ਕਰਤੱਬ 16:30-31

**ਸਵਾਲ 61 ਆਪ ਇਹ ਕਿਉਂ ਆਖਦੇ ਹੋ ਕਿ ਸਿਰਫ ਨਿਹਚਾ ਦੇ ਦੁਆਰਾ ਹੀ ਆਪ ਪਰਮੇਸ਼ਵਰ ਦੇ ਨਾਲ ਮਿਲਾਏ ਜਾਂਦੇ ਹੋ ?**

**ਉੱਤਰ** ਇਹ ਇਸ ਕਰਕੇ ਨਹੀਂ ਕਿ ਮੇਰੀ ਨਿਹਚਾ ਦਾ ਕੋਈ ਮੁੱਲ ਹੈ
ਜਿਸ ਕਰਕੇ ਪਰਮੇਸ਼ਵਰ ਮੈਥੋਂ ਪ੍ਰਸੰਨ ਹੈ,
ਇਹ ਤਾਂ ਸਿਰਫ ਮਸੀਹ ਦੀ ਸੰਤੁਸ਼ਟੀ, ਧਾਰਮਿਕਤਾ ਅਤੇ ਪਵਿੱਤਰਤਾਈ ਹੀ ਹੈ ਜੋ
ਮੈਨੂੰ ਪਰਮੇਸ਼ਵਰ ਨਾਲ ਮਿਲਾਉਂਦੀ ਹੈ[1]।
ਅਤੇ ਮੈਂ ਇਸ ਧਾਰਮਿਕਤਾ ਨੂੰ ਕਬੂਲ ਕਰਕੇ ਕਿਸੇ ਹੋਰ ਤਰੀਕੇ ਨਾਲ
ਆਪਣੀ ਨਹੀਂ ਬਣਾ ਸਕਦਾ, ਇਹ ਤਾਂ ਸਿਰਫ ਨਿਹਚਾ ਦੁਆਰਾ ਹੀ ਹੈ[2]।

1 ਪਹਿਲਾ ਕੁਰਿੰਥੀਆਂ 1:30-31
2 ਰੋਮੀਆਂ 10:10, ਪਹਿਲਾ ਯੂਹੰਨਾ 5:10-12



## ਪ੍ਰਭੂ ਦਾ 24ਵਾਂ ਦਿਨ

**ਸਵਾਲ 62 ਜੋ ਭਲੇ ਦੇ ਕੰਮ ਅਸੀਂ ਕਰਦੇ ਹਾਂ, ਉਹ ਸਾਨੂੰ ਪਰਮੇਸ਼ਵਰ ਨਾਲ ਕਿਉਂ ਨਹੀਂ ਮਿਲਾ ਸਕਦੇ ਜਾਂ ਫਿਰ ਘੱਟੋ ਘੱਟ ਸਾਨੂੰ ਉਸ ਨਾਲ ਮੇਲ ਕਰਨ ਵਿੱਚ ਮੱਦਦ ਕਿਉਂ ਨਹੀਂ ਕਰਦੇ ?**

**ਉੱਤਰ** ਕਿਉਂਕਿ ਉਹ ਧਾਰਮਿਕਤਾ
ਜੋ ਪਰਮੇਸ਼ਵਰ ਦੀ ਪਰਖ ਵਿੱਚੋਂ ਸਫਲ ਹੋ ਸਕਦੀ ਹੈ,
ਜਰੂਰੀ ਹੈ ਕਿ ਉਹ ਪੂਰੀ ਤਰਾਂ ਸੰਪੂਰਨ ਹੋਵੇ ਅਤੇ ਜਰੂਰੀ ਹੈ
ਕਿ ਉਹ ਹਰ ਤਰਾਂ ਨਾਲ ਈਸ਼ਵਰੀ ਬਿਵਸਥਾ ਦੇ ਅਨੁਾਰ ਪੂਰੀ
ਤਰਾਂ ਖਰੀ ਉੱਤਰਦੀ ਹੋਵੇ[1]।
ਇੱਥੋਂ ਤੱਕ ਕਿ ਜੋ ਸਰਬ ਉੱਤਮ ਵੀ ਇਸ ਜੀਵਨ ਵਿੱਚ ਕਰਦੇ
ਹਾਂ ਉਹ ਅੰਸਪੂਰਨ ਅਤੇ ਪਾਪ ਦੇ ਧੱਬੇ ਨਾਲ ਵਿਗੜਿਆ ਹੋਇਆ ਹੈ[2]।

1 ਰੋਮੀਆਂ 3:20, ਗਲਾਤੀਆਂ 3:10 (ਬਿਵਸਥਾ ਸਾਰ 27:26)
2 ਯਸਾਯਾਹ 64 :6

**ਸਵਾਲ 63 ਇਹ ਆਪ ਕਿਵੇਂ ਆਖ ਸਕਦੇ ਹੋ ਕਿ ਜੋ ਵੀ ਭਲੇ ਦੇ ਕੰਮ ਅਸੀਂ ਕਰਦੇ ਹਾਂ, ਇਹ ਕੋਈ ਵੀ ਫਲ ਦੀ ਕਮਾਈ ਨਹੀਂ ਕਰਦੇ ਜਦੋਂਕਿ ਪਰਮੇਸ਼ਵਰ ਇਸ ਦਾ ਫਲ ਇਸ ਜੀਵਨ ਵਿੱਚ ਅਤੇ ਅਗਲੇ ਜੀਵਨ ਵਿੱਚ ਦੇਣ ਦਾ ਵਾਇਦਾ ਕਰਦਾ ਹੈ[1] ?**

**ਉੱਤਰ** ਫਲ ਕਮਾਇਆ ਨਹੀਂ ਜਾਂਦਾ,
ਇਹ ਤਾਂ ਕਿਰਪਾ ਦਾ ਬਰਦਾਨ ਹੈ[2]।

1 ਮੱਤੀ 5:12, ਇਬਰਾਨੀਆਂ 11:6
2 ਲੂਕਾ 17:10, ਦੂਸਰਾ ਤਿਮੋਥਿਉਸ 4:7-8

**ਸਵਾਲ 64 ਪਰ ਕੀ ਇਹ ਸਿੱਖਿਆ ਲੋਕਾਂ ਨੂੰ ਉਦਾਸੀਨ ਅਤੇ ਦੁਸ਼ਟ ਨਹੀਂ ਬਣਾਉਂਦੀ ?**

**ਉੱਤਰ** ਨਹੀ!
ਜੋ ਸੱਚੀ ਨਿਹਚਾ ਨਾਲ ਮਸੀਹ ਵਿੱਚ ਜੋੜੇ ਗਏ ਹਨ
ਉਹਨਾਂ ਲਈ ਸ਼ੁਕਰਗੁਜ਼ਾਰੀ ਦੇ ਫਲ ਨਾਂ ਪੈਦਾ ਕਰਨਾ ਅਸੰਭਵ ਹੈ[1]।

1 ਲੂਕਾ 6:43-45, ਯੂਹੰਨਾ 15:5

## ਪ੍ਰਭੂ ਦਾ 25 ਵਾਂ ਦਿਨ

**ਸਵਾਲ 65 ਇਹ ਤਾਂ ਸਿਰਫ ਨਿਹਚਾ ਦੇ ਦੁਆਰਾ ਹੀ ਹੈ ਜੋਕਿ ਅਸੀਂ ਮਸੀਹ ਵਿੱਚ ਅਤੇ ਉਸ ਦੀਆਂ ਸਾਰੀਆਂ ਬਰਕਤਾਂ ਵਿੱਚ ਸਰੀਕ ਹੁੰਦੇ ਹਾਂ, ਫਿਰ ਉਹ ਨਿਹਚਾ ਕਿੱਥੋਂ ਆਉਂਦੀ ਹੈ ?**

**ਉੱਤਰ** ਪਵਿੱਤਰ ਆਤਮਾ[1] ਪਵਿੱਤਰ ਖੁਸ਼ਖਬਰੀ ਦੇ ਪਰਚਾਰ ਦੁਆਰਾ[2] ਸਾਡੇ ਦਿਲਾਂ ਦੇ ਅੰਦਰ ਇੱਛਾ ਪੈਦਾ ਕਰਦੀ ਹੈ ਅਤੇ ਪਵਿੱਤਰ ਕਿਰਪਾ ਦੇ ਵਸੀਲਿਆਂ ਦੇ ਸਾਡੇ ਦੁਆਰਾ ਇਸਤੇਮਾਲ ਕੀਤੇ ਜਾਣ ਰਾਹੀਂ ਇਸ ਨੂੰ ਪੱਕਿਆ ਕਰਦੀ ਹੈ[3]।

1 ਯੂਹੰਨਾ 3:5, ਪਹਿਲਾ ਕੁਰਿੰਥੀਆਂ 2:10-14, ਅਫਸੀਆਂ 2:8
2 ਰੋਮੀਆਂ 10:17, ਪਹਿਲਾ ਪਤਰਸ 1:23-25
3 ਮੱਤੀ 28:19-20, ਪਹਿਲਾ ਕੁਰਿੰਥੀਆਂ 10:16

**ਸਵਾਲ 66 ਇਹ ਕਿਰਪਾ ਦੇ ਵਸੀਲੇ ਕੀ ਹਨ ?**

**ਉੱਤਰ** ਇਹ ਸਾਡੇ ਵਾਸਤੇ ਸਮਝਣ ਲਈ ਪਵਿੱਤਰ ਚਿੰਨ੍ਹ ਅਤੇ ਮੋਹਰਾਂ ਹਨ। ਉਹ ਪਰਮੇਸ਼ਵਰ ਦੁਆਰਾ ਠਹਿਰਾਏ ਗਏ ਸਨ ਤਾਂ ਕਿ ਉਹਨਾਂ ਦੇ ਇਸਤੇਮਾਲ ਕਰਨ ਦੁਆਰਾ ਉਹ ਖੁਸ਼ਖਬਰੀ ਦੇ ਵਾਇਦੇ ਨੂੰ ਹੋਰ ਜ਼ਿਆਦਾ ਸਾਫ ਤੌਰ ਤੇ ਸਮਝਣ ਵਿੱਚ ਮੱਦਦ ਕਰੇ, ਅਤੇ ਉਸ ਵਾਇਦੇ ਉਤੇ ਆਪਣੀ ਮੋਹਰ ਲਗਾਵੇ[1]। ਅਤੇ ਪਰਮੇਸ਼ਵਰ ਦੁਆਰਾ ਖੁਸ਼ਖਬਰੀ ਵਾਲਾ ਵਾਇਦਾ ਇਹ ਹੈ :- ਸਿਰਫ ਕਿਰਪਾ ਦੇ ਦੁਆਰਾ ਸਾਡੇ ਪਾਪਾਂ ਨੂੰ ਮਾਫ ਕਰਨ ਅਤੇ ਸਾਨੂੰ ਸਦੀਪਕ ਜੀਉਣ ਦੇਣ ਦੇ ਕੰਮ ਲਈ ਜਿਹੜਾ ਕਿ ਮਸੀਹ ਦੀ ਇੱਕੋ ਇੱਕ ਬਲੀ ਦੇ ਦੁਆਰਾ ਸਲੀਬ ਉੱਤੇ ਪੂਰਾ ਕੀਤਾ ਗਿਆ[2]।

1 ਉਤਪਤ 17:11, ਬਿਵਸਥਾ ਸਾਰ 30:6, ਰੋਮੀਆਂ 4:11
2 ਮੱਤੀ 26:27-28, ਰਸੂਲਾਂ ਦੇ ਕਰਤੱਬ 2:38, ਇਬਰਾਨੀਆਂ 10:10

**ਸਵਾਲ 67 ਕੀ ਇਹ ਕਿਰਪਾ ਦੇ ਵਸੀਲੇ ਅਤੇ ਬਚਨ ਦੋਵੇਂ ਸਾਡੀ ਨਿਹਚਾ ਨੂੰ ਸਲੀਬ ਉੱਤੇ ਦਿੱਤੀ ਮਸੀਹ ਦੀ ਬਲੀ ਉੱਤੇ ਕੇਂਦ੍ਰਿਤ ਕਰਨ ਲਈ ਹਨ ਜੋ ਕਿ ਸਾਡੀ ਮੁਕਤੀ ਦਾ ਇੱਕੋ ਇੱਕ ਆਧਾਰ ਹੈ ?**

**ਉੱਤਰ** ਬਿਲੱਕੁਲ ਠੀਕ! ਖੁਸ਼ਖਬਰੀ ਦੇ ਅੰਦਰ ਪਵਿੱਤਰ ਆਤਮਾ ਸਾਨੂੰ ਸਿਖਾਉਂਦਾ ਹੈ ਅਤੇ ਕਿਰਪਾ ਦੇ ਪਵਿੱਤਰ ਵਸੀਲਿਆਂ ਦੇ ਦੁਆਰਾ ਉਹ ਸਾਨੂੰ ਨਿਸ਼ਚਿੱਤਤਾ ਬਖਸ਼ਦਾ ਹੈ ਕਿ ਸਾਡੀ ਪੂਰੀ-ਪੂਰੀ ਮੁਕਤੀ ਸਲੀਬ ਉੱਤੇ ਦਿੱਤੀ ਮਸੀਹ ਦੀ ਇੱਕੋ ਇੱਕ ਬਲੀ ਉੱਤੇ ਨਿਰਭਰ ਕਰਦਾ ਹੈ1।

1 ਰੋਮੀਆਂ 6:3, ਪਹਿਲਾ ਕੁਰਿੰਥੀਆਂ 11:26, ਗਲਾਤੀਆਂ 3:27

**ਸਵਾਲ 68 ਨਵੇਂ ਨੇਮ ਵਿੱਚ ਮਸੀਹ ਨੇ ਕਿੰਨੇ ਕਿਰਪਾ ਦੇ ਵਸੀਲੇ ਠਹਿਰਾਏ ਸਨ ?**

**ਉੱਤਰ** ਦੋ!

ਬਪਤਿਸਮਾ ਅਤੇ ਪ੍ਰਭੂ-ਭੋਜ[1]।

1 ਮੱਤੀ 28:19-20, ਪਹਿਲਾ ਕੁਰਿੰਥੀਆਂ 11:23-26



# *ਬਪਤਿਸਮਾਂ*

## ਪ੍ਰਭੂ ਦਾ 26ਵਾਂ ਦਿਨ

**ਸਵਾਲ 69 ਬਪਤਿਸਮਾਂ ਆਪ ਨੂੰ ਕਿਵੇਂ ਇਹ ਨਿਸ਼ਚਿੱਤਤਾ ਦਿੰਦਾ ਅਤੇ ਯਾਦ ਕਰਾਉਂਦਾ ਹੈ ਕਿ ਮਸੀਹ ਦੀ ਸਲੀਬ ਉੱਤੇ ਦਿੱਤੀ ਇੱਕੋ ਇੱਕ ਬਲੀ ਵਿਅਕਤੀਗਤ ਤੌਰ ਤੇ ਆਪ ਲਈ ਹੈ ?**

**ਉੱਤਰ** ਇਸ ਤਰਾਂ :- ਮਸੀਹ ਨੇ ਇਹ ਬਾਹਰੀ ਤੌਰ ਤੇ ਧੋਤੇ ਜਾਣ ਦਾ ਹੁਕਮ ਦਿੱਤਾ ਸੀ[1] ਅਤੇ ਇਸ ਦੇ ਨਾਲ ਇਹ ਵਾਇਦਾ ਕੀਤਾ ਸੀ ਕਿ ਠੀਕ ਜਿਸ ਤਰਾਂ ਪਾਣੀ ਸਰੀਰ ਤੋਂ ਮੈਲ ਨੂੰ ਸਾਫ ਕਰਦਾ ਹੈ, ਇਸੇ ਤਰਾਂ ਹੀ ਪੱਕੇ ਤੌਰ ਤੇ ਉਸ ਦਾ ਲਹੂ ਅਤੇ ਉਸ ਦਾ ਆਤਮਾ ਮੇਰੀ ਜਾਨ ਦੀ ਅਸ਼ੁੱਧਤਾਈ ਨੂੰ ਧੋਂਦਾ ਹੈ ਭਾਵ ਮੇਰੇ ਸਾਰੇ ਪਾਪਾਂ ਨੂੰ[2]।

1 ਰਸੂਲਾਂ ਦੇ ਕਰਤੱਬ 2:38
2 ਮੱਤੀ 3:11, ਰੋਮੀਆਂ 6:3-10, ਪਹਿਲਾ ਪਤਰਸ 3:21

**ਸਵਾਲ 70 ਮਸੀਹ ਦੇ ਲਹੂ ਅਤੇ ਆਤਮਾ ਨਾਲ ਧੋਤੇ ਜਾਣ ਦਾ ਕੀ ਅਰਥ ਹੁੰਦਾ ਹੈ ?**

**ਉੱਤਰ** ਮਸੀਹ ਦੇ ਲਹੂ ਨਾਲ ਧੋਤੇ ਜਾਣ ਦਾ ਅਰਥ ਹੁੰਦਾ ਹੈ ਕਿ ਪਰਮੇਸ਼ਵਰ ਨੇ ਉਸ ਦੀ ਕਿਰਪਾ ਦੇ ਦੁਆਰਾ ਮੇਰੇ ਪਾਪ ਸਾਫ ਕਰ ਦਿੱਤੇ ਹਨ ਅਤੇ ਅਜਿਹਾ ਉਸ ਨੇ ਸਲੀਬ ਉੱਤੇ ਮੇਰੇ ਵਾਸਤੇ ਮਸੀਹ ਦੇ ਡੋਹਲੇ ਲਹੂ ਦੇ ਕਾਰਨ ਕੀਤਾ ਸੀ ਜਦੋਂ ਉਸ ਨੇ ਆਪਣੀ ਬਲੀ ਦਿੱਤੀ ਸੀ[1]।

ਮਸੀਹ ਦੇ ਆਤਮਾ ਧੋਤੇ ਜਾਣ ਦਾ ਅਰਥ ਹੁੰਦਾ ਹੈ ਕਿ ਪਵਿੱਤਰ ਆਤਮਾ ਨੇ ਮੈਨੂੰ ਨਵਾਂ ਬਣਾ ਦਿੱਤਾ ਹੈ ਅਤੇ ਮਸੀਹ ਦਾ ਅੰਗ ਹੋਣ ਲਈ ਮੈਨੂੰ ਅੱਡ ਕੀਤਾ ਹੈ ਤਾਂ ਕਿ ਮੈਂ ਜ਼ਿਆਦਾ ਤੋਂ ਜ਼ਿਆਦਾ ਪਾਪ ਵਲੋਂ ਮੋਇਆ ਹੋਇਆ ਬਣਾ ਅਤੇ ਲਗਾਤਾਰ ਇੱਕ ਪਵਿੱਤਰ ਅਤੇ ਨਿਰਦੋਸ਼ ਜੀਵਨ ਜੀਉਣ ਵਿੱਚ ਵੱਧਦਾ ਜਾਵਾਂ

1 ਜ਼ਕਰਯਾਹ 13 :1, ਅਫਸੀਆਂ 1:7-8, ਇਬਰਾਨੀਆਂ 12:24, ਪਹਿਲਾ ਪਤਰਸ 1:2, ਪ੍ਰਕਾਸ਼ ਦੀ ਪੋਥੀ 1:5
2 ਹਿਜ਼ਕੀਏਲ 36:25-27, ਯੂਹੰਨਾ 3:5-8, ਰੋਮੀਆਂ 6:4, ਕੁਰਿੰਥੀਆਂ 6:11, ਕੁਲਸੀਆਂ 2:11-12

**ਸਵਾਲ 71 ਮਸੀਹ ਇਹ ਵਾਇਦਾ ਕਿੱਥੇ ਕਰਦਾ ਹੈ ਕਿ ਅਸੀਂ ਉਸ ਦੇ ਲਹੂ ਅਤੇ ਆਤਮਾ ਨਾਲ ਠੀਕ ਉਸੇ ਤਰਾਂ ਧੋਤੇ ਗਏ ਹਾਂ ਠੀਕ ਜਿਸ ਤਰਾਂ ਬਪਤਿਸਮੇਂ ਦੇ ਪਾਣੀ ਨਾਲ ਧੋਤੇ ਗਏ ਹਾਂ ?**

**ਉੱਤਰ** ਬਪਤਿਸਮੇਂ ਦਾ ਹੁਕਮ ਦੇਣ ਵਿੱਚ, ਜਿੱਥੇ ਉਹ ਆਖਦਾ ਹੈ:-

"ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉ
ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤ੍ਰ ਅਤੇ ਪਵਿੱਤਰ ਆਤਮਾ
ਦੇ ਨਾਮ ਵਿੱਚ ਬਪਤਿਸਮਾ ਦਿਉ[1]।"

"ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ[2]"।
ਬਪਤਿਸਮੇ ਨੂੰ ਨਵੇਂ ਜਨਮ ਦਾ ਅਸ਼ਨਾਨ[3]
ਅਤੇ ਪਾਪਾਂ ਦਾ ਧੋਤੇ ਜਾਣਾ[4] ਆਖਦੀ ਹੈ।

1 ਮੱਤੀ 28:19
2 ਮਰਕੁਸ 16:16
3 ਤੀਤੁਸ 3:5
4 ਰਸੂਲਾਂ ਦੇ ਕਰਤੱਬ 22:16



## ਪ੍ਰਭੂ ਦਾ 27ਵਾਂ ਦਿਨ

**ਸਵਾਲ 72 ਕੀ ਇਹ ਪਾਣੀ ਨਾਲ ਬਾਹਰੀ ਤੌਰ ਤੇ ਧੋਤੇ ਜਾਣਾ ਆਪਣੇ ਆਪ ਵਿੱਚ ਪਾਪਾਂ ਨੂੰ ਧੋ ਦਿੰਦਾ ਹੈ ?**

**ਉੱਤਰ** ਨਹੀਂ! ਸਿਰਫ ਯਿਸੂ ਮਸੀਹ ਦਾ ਲਹੂ ਅਤੇ ਪਵਿੱਤਰ ਆਤਮਾ ਹੀ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ[1]।

1 ਮੱਤੀ 3:11, ਪਹਿਲਾ ਪਤੱਰਸ 3:21, ਪਹਿਲਾ ਯੂਹੰਨਾ 1:7

**ਸਵਾਲ 73 ਫਿਰ ਪਵਿੱਤਰ ਆਤਮਾ ਬਪਤਿਸਮੇਂ ਨੂੰ ਨਵੇਂ ਜਨਮ ਦਾ ਅਸ਼ਨਾਨ ਅਤੇ ਪਾਪਾਂ ਦਾ ਧੋਤੇ ਜਾਣਾ ਕਿਉਂ ਆਖਦਾ ਹੈ ?**

**ਉੱਤਰ** ਪਰਮੇਸ਼ਵਰ ਕੋਲ ਇਹਨਾਂ ਬਚਨਾਂ ਦਾ ਇੱਕ ਅੱਛਾ ਕਾਰਨ ਹੈ। ਉਹ ਸਾਨੂੰ ਇਹ ਸਿਖਾਉਣਾ ਚਾਹੁੰਦਾ ਹੈ ਕਿ ਮਸੀਹ ਦਾ ਆਤਮਾ ਅਤੇ ਲਹੂ ਸਾਡੇ ਪਾਪਾਂ ਨੂੰ ਉਸੇ ਤਰਾਂ ਧੋਂਦਾ ਹੈ ਠੀਕ ਜਿਸ ਤਰਾਂ ਪਾਣੀ ਸਾਡੇ ਸਰੀਰਾਂ ਤੋਂ ਮੈਲ ਨੂੰ ਧੋ ਸੁੱਟਦਾ ਹੈ[1]।

ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਹ ਕਿ

ਉਹ ਸਾਨੂੰ ਇਸ ਈਸ਼ਵਰੀ ਪਰਤਿੱਗਿਆ ਅਤੇ ਚਿੰਨ੍ਹ ਦੇ ਦੁਆਰਾ ਪੂਰਾ ਭਰੋਸਾ ਦਿਲਾਉਣਾ ਚਾਹੁੰਦਾ ਹੈ ਕਿ ਸਾਡੇ ਪਾਪਾਂ ਦਾ ਆਤਮਿਕ ਤੌਰ ਤੇ ਧੋਤਾ ਜਾਣਾ ਉਨਾਂ ਹੀ ਅਸਲ ਹੈ ਜਿੰਨਾ ਕਿ ਸਰੀਰਕ ਤੌਰ ਤੇ ਪਾਣੀ ਨਾਲ ਧੋਤੇ ਜਾਣਾ[2]।

1 ਪਹਿਲਾ ਕੁਰਿੰਥੀਆਂ 6:11, ਰੋਮੀਆਂ 1:5, 7:14
2 ਰਸੂਲਾਂ ਦੇ ਕਰੱਤਬ 2:38, ਰੋਮੀਆਂ 6:3-4, ਗਲਾਤੀਆਂ 3:27

**ਸਵਾਲ 74 ਕੀ ਛੋਟੇ ਬੱਚਿਆਂ ਨੂੰ ਵੀ ਬਪਤਿਸਮਾਂ ਦੇਣਾ ਚਾਹੀਦਾ ਹੈ ?**

**ਉੱਤਰ** ਹਾਂ!
ਛੋਟੇ ਬੱਚੇ ਵੀ ਵੱਡਿਆਂ ਦੀ ਤਰਾਂ ਹੀ
ਪਰਮੇਸ਼ਵਰ ਦੇ ਨੇਮ ਵਿੱਚ ਸ਼ਾਮਲ ਹਨ ਅਤੇ ਉਸ ਦੀ ਪਰਜਾ ਹਨ[1]।

ਉਨ੍ਹਾਂ ਨੂੰ ਵੀ ਕਿਸੇ ਲਿਹਾਜ਼ ਨਾਲ ਵੱਡਿਆਂ ਨਾਲੋਂ
ਘੱਟ ਮਸੀਹ ਦੇ ਲਹੂ ਰਾਹੀਂ ਪਾਪ ਦੀ ਮਾਫੀ ਅਤੇ
ਪਵਿੱਤਰ ਆਤਮਾ ਦਾ ਵਾਇਦਾ ਨਹੀਂ ਕੀਤਾ ਗਿਆ
ਜੋ ਨਿਹਚਾ ਪੈਦਾ ਕਰਦੀ ਹੈ[2]।

ਇਸ ਕਰਕੇ, ਬਪਤਿਸਮੇਂ ਦੁਆਰਾ,
ਜੋ ਕਿ ਨੇਮ ਦਾ ਚਿੰਨ੍ਹ ਹੈ,
ਛੋਟੇ ਬਾਲਕਾਂ ਨੂੰ ਮਸੀਹੀ ਕਲੀਸੀਆਂ ਵਿੱਚ
ਕਬੂਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਦੀ ਅਵਿਸ਼ਵਾਸੀਆਂ
ਦੇ ਬੱਚਿਆਂ ਤੋਂ ਅਲੱਗ ਪਛਾਣ ਬਣਾਈ ਜਾਣੀ ਚਾਹੀਦੀ ਹੈ[3]।

ਪੁਰਾਣੇ ਨੇਮ ਵਿੱਚ ਇਹ ਸੁੰਨਤ ਦੇ ਦੁਆਰਾ ਕੀਤਾ ਜਾਂਦਾ ਹੈ[4]
ਜਿਸ ਦਾ ਸਥਾਨ ਨਵੇਂ ਨੇਮ ਵਿੱਚ ਬਪਤਿਸਮੇ ਨੂੰ ਦਿੱਤਾ ਗਿਆ ਹੈ5।

1 ਉਤੱਪਤ 17:7, ਮੱਤੀ 19:14
2 ਯਸਾਯਾਹ 44:1-3, ਰਸੂਲਾਂ ਦੇ ਕਰੱਤਬ 2:38-39, 16:31
3 ਰਸੂਲਾਂ ਦੇ ਕਰੱਤਬ 10:47, ਪਹਿਲਾ ਕੁਰਿੰਥੀਆਂ 7:14
4 ਉਤਪਤ 17:9-14
5 ਕੁਲੁਸੀਆਂ 2:11-13

# ਪ੍ਰਭੂ-ਭੋਜ

## ਪ੍ਰਭੂ ਦਾ 28ਵਾਂ ਦਿਨ

**ਸਵਾਲ 75 ਪ੍ਰਭੂ-ਭੋਜ ਕਿਸ ਤਰਾਂ ਆਪ ਨੂੰ ਇਹ ਯਾਦ ਕਰਾਉਂਦਾ ਅਤੇ ਪੱਕਾ ਭਰੋਸਾ ਦਿਲਾਉਂਦਾ ਹੈ ਕਿ ਆਪ ਮਸੀਹ ਦੀ ਸਲੀਬ ਉੱਤੇ ਦਿੱਤੀ ਇੱਕ ਬਲੀ ਅਤੇ ਉਸ ਦੇ ਸਾਰੇ ਬਰਦਾਨਾਂ ਵਿੱਚ ਸ਼ਰੀਕ ਹੋ?**

**ਉੱਤਰ** ਇਸ ਤਰੀਕੇ ਨਾਲ ਕਿ
ਮਸੀਹ ਨੇ ਮੈਨੂੰ ਅਤੇ ਸਾਰੇ ਵਿਸ਼ਵਾਸੀਆਂ ਨੂੰ
ਇਸ ਤੋੜੀ ਹੋਈ ਰੋਟੀ ਖਾਣ ਅਤੇ ਇਸ ਪਿਆਲੇ
ਨੂੰ ਪੀਣ ਦਾ ਹੁਕਮ ਦਿੱਤਾ ਹੈ।
ਇਸ ਹੁਕਮ ਦੇ ਨਾਲ ਉਸ ਨੇ ਇਹ ਵਾਇਦਾ ਦਿੱਤਾ ਸੀ[1] :-

ਪਹਿਲਾ ਇਹ ਕਿ,
ਜਿੰਨਾ ਯਕੀਨਨ ਤੌਰ ਤੇ ਮੈਂ ਆਪਣੀਆਂ ਅੱਖਾਂ ਨਾਲ
ਪ੍ਰਭੂ ਦੀ ਇਸ ਰੋਟੀ ਨੂੰ ਮੇਰੇ ਵਾਸਤੇ ਤੋੜਿਆ ਗਿਆ
ਅਤੇ ਇਸ ਪਿਆਲੇ ਨੂੰ ਮੈਨੂੰ ਦਿੱਤਾ ਗਿਆ ਦੇਖਦਾ ਹਾਂ,
ਉਨੇਂ ਹੀ ਯਕੀਨਨ ਤੌਰ ਤੇ
ਉਸ ਦੀ ਦੇਹ ਮੇਰੇ ਵਾਸਤੇ ਬਲੀ ਦਿੱਤੀ ਗਈ
ਅਤੇ ਮੇਰੇ ਵਾਸਤੇ ਤੋੜੀ ਗਈ ਸੀ ਅਤੇ
ਉਸ ਦਾ ਲਹੂ ਮੇਰੇ ਵਾਸਤੇ ਸਲੀਬ ਉੱਤੇ ਡਹੋਲਿਆ ਗਿਆ ਸੀ।

ਦੂਸਰਾ ਇਹ ਕਿ-
ਜਿੰਨਾ ਯਕੀਨਨ ਤੌਰ ਤੇ ਮੈਂ
ਇਹ ਸੇਵਾ ਕਰਨ ਵਾਲੇ ਦੇ ਹੱਥੋਂ ਪ੍ਰਾਪਤ ਕਰਦਾ ਹਾਂ
ਅਤੇ ਆਪਣੇ ਮੂੰਹ ਨਾਲ ਪ੍ਰਭੂ ਦੀ ਰੋਟੀ ਅਤੇ ਪਿਆਲੇ ਦਾ ਸਵਾਦ ਚੱਖਦਾ ਹਾਂ
ਜੋ ਕਿ ਮਸੀਹ ਦੀ ਦੇਹ ਅਤੇ ਲਹੂ ਦੇ ਪੱਕੇ ਚਿੰਨ੍ਹਾਂ ਵਜੋਂ ਦਿੱਤੇ ਸਨ,
ਉਨਾਂ ਹੀ ਯਕੀਨਨ ਤੌਰ ਤੇ
ਉਹ ਆਪਣੀ ਸਲੀਬ ਦਿੱਤੀ ਗਈ ਦੇਹ ਅਤੇ ਡੋਹਲੇ ਹੋਏ ਲਹੂ ਦੇ
ਦੁਆਰਾ ਮੇਰੀ ਜਾਨ ਨੂੰ ਸਦੀਪਕ ਜੀਵਨ ਲਈ ਖਿਲਾਉਂਦਾ,
ਪਿਲਾਉਂਦਾ ਅਤੇ ਨਰੋਇਆ ਕਰਦਾ ਹੈ।

1 ਮੱਤੀ 26:26-28, ਮਰਕੁਸ 14:22-24, ਲੂਕਾ 22:19-20, ਪਹਿਲਾ ਕੁਰਿੰਥੀਆਂ 11:23-25



**ਸਵਾਲ 76 ਮਸੀਹ ਦੀ ਸਲੀਬ ਦਿੱਤੀ ਦੇਹ ਦੇ ਖਾਣ ਅਤੇ ਉਸ ਦੇ ਡੋਹਲੇ ਹੋਏ ਲਹੂ ਦੇ ਪੀਣ ਦਾ ਕੀ ਅਰਥ ਹੁੰਦਾ ਹੈ ?**

**ਉੱਤਰ** ਇਸ ਦਾ ਅਰਥ ਹੁੰਦਾ ਹੈ
ਇਕ ਨਿਹਚਾ ਕਰਨ ਵਾਲੇ ਦਿਲੋਂ
ਮਸੀਹ ਦੀ ਮੌਤ ਅਤੇ ਉਸ ਦੇ ਦੁੱਖਾਂ ਨੂੰ ਕਬੂਲ ਕਰਨਾ
ਅਤੇ ਨਿਹਚਾ ਕਰਨ ਦੁਆਰਾ ਪਾਪਾਂ ਦੀ ਮਾਫੀ ਅਤੇ
ਸਦੀਪਕ ਜੀਉਣ ਪ੍ਰਾਪਤ ਕਰਨਾ ਹੁੰਦਾ ਹੈ1।

ਪਰ ਇਸ ਦਾ ਅਰਥ
ਇਸ ਤੋਂ ਵੀ ਵੱਧ ਪਵਿੱਤਰ ਆਤਮਾ ਦੇ ਰਾਹੀਂ ਜੋ ਮਸੀਹ ਅਤੇ ਸਾਡੇ,
ਦੋਹਾਂ ਵਿੱਚ ਵੱਸਦਾ ਹੈ, ਅਸੀ ਜ਼ਿਆਦਾ ਤੋਂ ਜ਼ਿਆਦਾ ਮਸੀਹ ਦੀ
ਮੁਬਾਰਕ ਦੇਹ ਨਾਲ ਜੋੜੇ ਜਾਂਦੇ ਹਾਂ[2],
ਅਤੇ ਇਸ ਤਰਾਂ ਭਾਂਵੇ ਉਹ ਸੁਰਗ ਵਿੱਚ ਹੈ[3] ਅਤੇ ਅਸੀਂ ਧਰਤੀ ਉੱਤੇ ਹਾਂ,
ਫਿਰ ਵੀ ਅਸੀਂ ਉਸ ਦੇ ਮਾਸ ਵਿੱਚੋਂ ਮਾਸ ਅਤੇ ਹੱਡੀ ਵਿੱਚੋਂ ਹੱਡੀ ਹਾਂ[4]।
ਅਤੇ ਅਸੀਂ ਹਮੇਸ਼ਾ ਵਾਸਤੇ ਇੱਕ ਆਤਮਾ ਦੇ ਦੁਆਰਾ ਜਿਉਂਦੇ ਅਤੇ
ਨਿਯੰਤ੍ਰਿਤ ਕੀਤੇ ਜਾਂਦੇ ਹਾਂ ਜਿਵੇਂ ਇੱਕ ਦੇਹ ਦੇ ਅੰਗ ਇੱਕ ਜਾਨ ਦੇ ਦੁਆਰਾ ਹਨ[5]।

1 ਯੂਹੰਨਾ 6:35, 40, 50-54
2 ਯੂਹੰਨਾ 6:55-56, ਪਹਿਲਾ ਕੁਰਿੰਥੀਆਂ 12:13
3 ਰਸੂਲਾਂ ਦੇ ਕਰਤੱਬ 1:9-11, ਪਹਿਲਾ ਕੁਰਿੰਥੀਆ 11:26, ਕੁਲੁਸੀਆਂ 3:1
4 ਪਹਿਲਾ ਕੁਰਿੰਥੀਆਂ 6:15-17, ਅਫਸੀਆਂ 5:29-30, ਪਹਿਲਾ ਯੂਹੰਨਾ 4:13
5 ਯੂਹੰਨਾ 6:56-58, 15:1-6, ਅਫਸੀਆਂ 4:15-16, ਪਹਿਲਾ ਯੂਹੰਨਾ 3:24

**ਸਵਾਲ 77 ਮਸੀਹ ਉਸ ਦੀ ਦੇਹ ਅਤੇ ਲਹੂ ਨਾਲ ਵਿਸ਼ਵਾਸੀਆਂ ਦਾ ਪਾਲਣ-ਪੋਸ਼ਣ ਅਤੇ ਨਰੋਇਆਂ ਕਰਨ ਦਾ ਵਾਇਦਾ ਕਿੱਥੇ ਕਰਦਾ ਹੈ ਜਦੋਂ ਉਹ ਪੂਰਨ ਭਰੋਸੇ ਨਾਲ ਇਸ ਰੋਟੀ ਨੂੰ ਖਾਣ ਅਤੇ ਇਸ ਪਿਆਲੇ ਨੂੰ ਪੀਣ ?**

**ਉੱਤਰ** ਪ੍ਰਭੂ ਭੋਜ ਦੀ ਸਥਾਪਨਾ ਕਰਨ ਵਿੱਚ :-

"ਪ੍ਰਭੂ ਯਿਸੂ ਨੇ ਇਸ ਰਾਤ, ਉਹ ਫੜਵਾਇਆ ਗਿਆ ਸੀ ਰੋਈ ਲਈ,
ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ,
ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ।
ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।
ਇਸੇ ਤਰਾਂ ਉਸ ਨੇ ਭੋਜਣ ਖਾਣ ਦੇ ਪਿਛੋਂ ਪਿਆਲਾ ਭੀ
ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ।
ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।
ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਉ ਅਤੇ ਪਿਆਲਾ ਪੀਉ ਤਾਂ ਤੁਸੀਂ
ਪ੍ਰਭੂ ਦੀ ਮੌਤ ਦਾ ਪ੍ਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ"[1]।

ਇਸ ਵਾਇਦੇ ਨੂੰ ਪੌਲੁਸ ਦੁਆਰਾ ਇਹਨਾਂ ਬਚਨਾਂ ਵਿੱਚ ਦੁਹਰਾਇਆ ਗਿਆ ਹੈ :-

"ਉਹ ਬਰਕਤ ਪਿਆਲਾ ਜਿਸ ਉੱਤੇ ਅਸੀਂ ਬਰਕਤ ਮੰਗਦੇ ਹਾਂ
ਕੀ ਉਹ ਮਸੀਹ ਦੇ ਲਹੂ ਦੀ ਸਾਂਝ ਨਹੀਂ ?
ਉਹ ਰੋਟੀ ਜਿਹ ਨੂੰ ਅਸੀਂ ਤੋੜਦੇ ਹਾਂ ਕੀ
ਉਹ ਮਸੀਹ ਦੇ ਸਰੀਰ ਦੀ ਸਾਂਝ ਨਹੀਂ ?
ਰੋਟੀ ਇੱਕੋ ਹੈ ਜਿਸ ਲਈ ਅਸੀਂ ਜੋ ਬਾਹਲੇ ਹਾਂ
ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ
ਇਕ ਰੋਟੀ ਵਿੱਚ ਸਾਂਝੀ ਹਾਂ"[2]।

1 ਪਹਿਲਾ ਕੁਰਿੰਥੀਆਂ 11:23-26
2 ਪਹਿਲਾ ਕੁਰਿੰਥੀਆਂ10:16-17



## ਪ੍ਰਭੂ ਦਾ 29ਵਾਂ ਦਿਨ

**ਸਵਾਲ 78 ਕੀ ਇਹ ਰੋਟੀ ਅਤੇ ਦਾਖਰਸ ਅਸਲ ਮਸੀਹ ਦੀ ਦੇਹ ਅਤੇ ਲਹੂ ਵਿੱਚ ਬਦਲ ਜਾਂਦੇ ਹਨ ?**

**ਉੱਤਰ** ਨਹੀਂ!
ਠੀਕ ਜਿਸ ਤਰਾਂ ਬਪਤਿਸਮੇਂ
ਦਾ ਪਾਣੀ ਮਸੀਹ ਦੇ ਲਹੂ ਵਿੱਚ ਨਹੀਂ ਬਦਲ ਜਾਂਦਾ
ਅਤੇ ਆਪਣੇ ਆਪ ਵਿੱਚ ਪਾਪਾਂ ਨੂੰ ਨਹੀਂ ਧੋ ਸੁੱਟਦਾ ਬਲਕਿ
ਇਹ ਤਾਂ ਬੱਸ ਪਰਮੇਸ਼ਵਰ ਦਾ ਚਿੰਨ੍ਹ ਅਤੇ ਨਿਸ਼ਚਿੱਤਤਾ ਹੈ[1]।

ਇਸੇ ਤਰਾਂ ਪ੍ਰਭੂ ਭੋਜ ਦੀ ਰੋਟੀ ਵੀ
ਮਸੀਹ ਦੀ ਅਸਲ ਦੇਹ ਵਿੱਚ ਨਹੀਂ ਬਦਲੀ ਜਾਂਦੀ[2]
ਭਾਂਵੇ ਇਸ ਨੂੰ ਮਸੀਹ ਦੀ ਦੇਹ ਆਖਿਆ ਜਾਂਦਾ ਹੈ[3],
ਜੋਕਿ ਇਹਨਾਂ ਕਿਰਪਾ ਦੇ ਵਸੀਲਿਆਂ ਦੀ ਭਾਸ਼ਾ ਅਤੇ ਸੁਭਾਉ ਦੇ ਅਨੁਕੂਲ ਹੈ[4]।

1 ਅਫਸੀਆਂ 5: 26, ਤੀਤੁਸ 3:5
2 ਮੱਤੀ 26: 26-29
3 ਪਹਿਲਾ ਕੁਰਿੰਥੀਆਂ 10:16-17, 11:26-28
4 ਉਤਪਤ 17:10-11, ਕੂਚ 12:11, 13, ਪਹਿਲਾ ਕੁਰਿੰਥੀਆਂ 10:1-4

**ਸਵਾਲ 79 ਫਿਰ ਮਸੀਹ ਜੀ ਇਸ ਰੋਟੀ ਨੂੰ ਉਸ ਦੀ ਦੇਹ ਅਤੇ ਉਸ ਪਿਆਲੇ ਨੂੰ ਉਸ ਦਾ ਲਹੂ ਜਾਂ ਉਸ ਦੇ ਲਹੂ ਵਿੱਚ ਨਵਾਂ ਨੇਮ ਕਿਉਂ ਆਖਦੇ ਹਨ ? (ਪੌਲੁਸ ਇਸ ਵਾਸਤੇ, ਮਸੀਹ ਦੀ ਦੇਹ ਅਤੇ ਲਹੂ ਵਿੱਚ ਸਾਂਝ ਸ਼ਬਦਾਂ ਦਾ ਇਸਤੇਮਾਲ ਕਰਦਾ ਹੈ)**

**ਉੱਤਰ** ਮਸੀਹ ਕੋਲ ਇਹਨਾਂ ਸ਼ਬਦਾਂ ਲਈ ਅੱਛਾ ਕਾਰਨ ਹੈ :-
ਉਹ ਸਾਨੂੰ ਇਹ ਸਿਖਾਉਣਾ ਚਾਹੁੰਦਾ ਹੈ ਕਿ ਜਿਸ ਤਰਾਂ
ਰੋਟੀ ਅਤੇ ਦਾਖਰਸ ਸਾਡੇ ਅਸਥਾਈ ਜੀਵਨ ਦਾ ਪਾਲਣ ਪੋਸ਼ਣ ਕਰਦੇ ਹਨ,
ਇਸੇ ਤਰਾਂ ਉਸ ਦੀ ਸਲੀਬ ਦਿੱਤੀ ਗਈ ਦੇਹ ਅਤੇ ਡਹੋਲਿਆ
ਗਿਆ ਲਹੂ ਸੱਚਮੁੱਚ ਸਾਡੀਆਂ ਜਾਨਾਂ ਦੀ ਅਬਦੀ ਜੀਵਨ ਲਈ
ਪਾਲਣਾ ਪੋਸ਼ਣਾ ਕਰਦਾ ਹੈ[1]।

ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਹ ਹੈ
ਕਿ ਉਹ ਇਸ ਵੇਖਣਯੋਗ ਚਿੰਨ੍ਹ ਅਤੇ ਪਰਤਿੱਗਿਆ ਦੇ ਦੁਆਰਾ
ਸਾਨੂੰ ਪੂਰਾ-ਪੂਰਾ ਭਰੋਸਾ ਦਿਲਾਉਣਾ ਚਾਹੁੰਦਾ ਹੈ ਕਿ ਅਸੀਂ
ਪਵਿੱਤਰ ਆਤਮਾ ਦੇ ਕਾਰਜ ਦੇ ਦੁਆਰਾ ਉਸ ਦੀ ਅਸਲ ਦੇਹ
ਅਤੇ ਲਹੂ ਵਿੱਚ ਉੱਨਾਂ ਹੀ ਪੱਕੇ ਤੌਰ ਤੇ ਸ਼ਰੀਕ ਹੁੰਦੇ ਹਾਂ ਜਿੰਨਾਂ ਕਿ ਸਾਡੇ ਮੂੰਹ
ਇਹਨਾਂ ਪਵਿੱਤਰ ਚਿੰਨ੍ਹਾਂ ਨੂੰ ਉਸ ਦੀ ਯਾਦਗੀਰੀ ਲਈ ਕਬੂਲ ਕਰਦੇ ਹਨ[2]
ਅਤੇ ਉਸ ਦਾ ਸਾਰਾ ਕਸ਼ਟ ਝੱਲਣਾ ਅਤੇ ਆਗਿਆਕਾਰੀ ਉੱਨੇ ਹੀ
ਪੱਕੇ ਤੌਰ ਤੇ ਸਾਡੇ ਹਨ ਜਿਵੇਂ ਕਿ ਅਸੀਂ ਨਿੱਜੀ ਤੌਰ ਤੇ ਦੁੱਖ ਝੱਲਿਆ
ਹੋਵੇ ਅਤੇ ਆਪਣੇ ਪਾਪਾਂ ਦਾ ਹਰਜਾਨਾ ਅਦਾ ਕੀਤਾ ਹੋਵੇ[3]।

1 ਯੂਹੰਨਾ 6:51, 55
2 ਪਹਿਲਾ ਕੁਰਿੰਥੀਆਂ 10:16-17, 11:26
3 ਰੋਮੀਆਂ 6:5-11

## ਪ੍ਰਭੂ ਦਾ 30ਵਾਂ ਦਿਨ

**ਸਵਾਲ 80 ਇਹ ਪ੍ਰਭੂ-ਭੋਜ ਰੋਮਨ ਕੈਥੋਲਿਕ ਪੂਜਾ ਉਤਸਵ ਤੋਂ ਕਿਵੇਂ ਭਿੰਨ ਹੈ ?**

**ਉੱਤਰ** ਪ੍ਰਭੂ ਭੋਜ ਸਾਡੇ ਵਾਸਤੇ ਇਹ ਐਲਾਨ ਕਰਦਾ ਹੈ
ਕਿ ਯਿਸੂ ਮਸੀਹ ਜੀ ਦੀ ਇੱਕੋ ਬਲੀ ਕੇ ਦੁਆਰਾ ਜੋ ਉਸ ਨੇ ਖੁਦ
ਇੱਕੋ ਵਾਰ ਹਮੇਸ਼ਾ ਵਾਸਤੇ ਸਲੀਬ ਉੱਤੇ ਦਿੱਤੀ ਸੀ,
ਸਾਡੇ ਪਾਪ ਪੂਰੀ ਤਰ੍ਹਾਂ ਸਾਫ ਕੀਤੇ ਜਾ ਚੁੱਕੇ ਹਨ[1]।

ਇਹ ਸਾਡੇ ਵਾਸਤੇ ਮਸੀਹ ਦੇ ਨਾਲ ਜੋੜਦਾ ਹੈ[2]
ਜੋ ਉਸ ਦੀ ਅਸਲ ਦੇਹੀ ਸਮੇਤ ਠੀਕ ਇਸ ਸਮੇਂ ਸੁਰਗ
ਵਿੱਚ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹੈ[3]
ਜਿੱਥੇ ਉਸ ਦੀ ਸਾਡੇ ਵਾਸਤੇ ਇਹ ਖਾਹਿਸ਼ ਹੈ ਕਿ ਅਸੀਂ ਉਸ ਦੀ ਬੰਦਗੀ ਕਰੀਏ[4]।

ਪਰ ਰੋਮਨ ਕੈਥੋਲਿਕ ਪੂਜਾ ਉੱਤਸਵ ਸਾਨੂੰ ਇਹ ਸਿਖਾਉਂਦਾ ਹੈ ਕਿ
ਮਸੀਹ ਦੇ ਦੁੱਖ ਝੱਲਣ ਦੇ ਦੁਆਰਾ ਜੀਉਂਦੇ ਅਤੇ ਮੁਰਦੇ ਆਪਣੇ
ਪਾਪਾਂ ਦੀ ਮਾਫੀ ਨਹੀਂ ਪਾਉਂਦੇ ਜਦੋਂ ਤੱਕ ਜਾਜਕਾਂ ਦੇ ਦੁਆਰਾ ਹਰ ਰੋਜ਼
ਉਹਨਾਂ ਦੇ ਵਾਸਤੇ ਅਜੇ ਵੀ ਮਸੀਹ ਨੂੰ ਪੇਸ਼ ਨਹੀਂ ਕੀਤਾ ਜਾਂਦਾ।

ਇਹ ਸਾਨੂੰ ਇਹ ਸਿਖਾਉਂਦਾ ਹੈ ਕਿ ਮਸੀਹ ਰੋਟੀ ਅਤੇ
ਪਿਆਲੇ ਦੇ ਰੂਪ ਵਿੱਚ ਸਰੀਰਕ ਤੌਰ ਤੇ ਹਾਜ਼ਰ ਹੁੰਦਾ ਹੈ ਜਿਥੇ
ਕਿ ਇਸੇ ਵਾਸਤੇ ਮਸੀਹ ਦੀ ਬੰਦਗੀ ਕੀਤੀ ਜਾਣੀ ਚਾਹੀਦੀ ਹੈ।

ਇਸ ਤਰਾਂ ਇਹ ਰੋਮਨ ਕੈਥੋਲਿਕ ਪੂਜਾ ਉਤਸਵ ਮੁੱਖ ਤੌਰ ਤੇ
ਯਿਸੂ ਮਸੀਹ ਦੇ ਦੁੱਖ ਝੱਲਣ ਅਤੇ ਉਸ ਦੀ ਇੱਕੋ ਇੱਕ ਬਲੀ ਦਾ
ਇਨਕਾਰ ਕਰਨ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ ਅਤੇ ਨਿੰਦਣ
ਯੋਗ ਮੂਰਤੀ ਪੂਜਾ ਹੈ।

1 ਯੂਹੰਨਾ 19:30, ਇਬਰਾਨੀਆਂ 7:27, 9:12, 25-26, 10:10-18
2 ਪਹਿਲਾ ਕੁਰਿੰਥੀਆਂ 6:17, 10:16-17
3 ਰਸੂਲਾਂ ਦੇ ਕਰਤੱਬ 7:55-56, ਇਬਰਾਨੀਆਂ 1:3, 8:1
4 ਮੱਤੀ 6:20-21, ਯੂਹੰਨਾ 4:21-24, ਫ਼ਿੱਲਿਪੀਆਂ 3:20, ਕੁਲੁੱਸੀਆਂ 3:1-3

ਨੋਟ (ਸਵਾਲ ਅਤੇ ਉੱਤਰ ਨੰਬਰ 80, ਇਸ ਪੁਸਤਕ ਦੇ ਪਹਿਲੇ ਐਡੀਸ਼ਨ ਵਿੱਚ ਬਿਲੱਕੁਲ ਨਹੀਂ ਸਨ ਪਰ ਇੱਕ ਸੰਖੇਪ ਰੂਪ ਵਿੱਚ ਦੂਸਰੇ ਐਡੀਸ਼ਨ ਵਿੱਚ ਪਾਏ ਗਏ ਸਨ। ਜੋ ਅਨੁਵਾਦ ਇਥੇ ਦਿੱਤਾ ਗਿਆ ਹੈ ਇਹ ਤੀਸਰੇ ਐਡੀਸ਼ਨ ਦੀ ਵਾਧੂ ਮੂਲ ਲਿਖਤ ਵਿੱਚੋਂ ਹੈ।



**ਸਵਾਲ 81 ਪ੍ਰਭੂ ਦੀ ਮੇਜ ਕੋਲ ਕਿਹਨਾਂ ਨੂੰ ਆਉਣਾ ਚਾਹੀਦਾ ਹੈ ?**

**ਉੱਤਰ** ਉਹਨਾਂ ਨੂੰ ਜੋ ਉਹਨਾਂ ਦੇ ਪਾਪਾਂ ਦੇ ਕਾਰਨ ਆਪਣੇ ਆਪ
ਤੋਂ ਨਾਂ-ਖੁਸ਼ ਹਨ, ਪਰ ਜੋ ਫਿਰ ਵੀ ਇਹ ਭਰੋਸਾ ਰੱਖਦੇ ਹਨ
ਕਿ ਉਹਨਾਂ ਦੇ ਪਾਪ ਮਾਫ ਕੀਤੇ ਗਏ ਹਨ ਅਤੇ ਉਹਨਾਂ ਦੀ ਜਾਰੀ
ਰਹਿਣ ਵਾਲੀ ਕਮਜ਼ੋਰੀ ਮਸੀਹ ਦੇ ਦੁੱਖ ਉਠਾਉਣ ਅਤੇ ਉਸ ਦੀ
ਮੌਤ ਦੇ ਦੁਆਰਾ ਢੱਕੀ ਗਈ ਹੈ ਅਤੇ ਜੋ ਇਹ ਖਾਹਿਸ਼ ਵੀ ਰੱਖਦੇ ਹਨ
ਕਿ ਉਹ ਆਪਣੀ ਨਿਹਚਾ ਵਿੱਚ ਜ਼ਿਆਦਾ ਤੋਂ ਜ਼ਿਆਦਾ ਬਲਵੰਤ ਹੁੰਦੇ
ਜਾਣ ਅਤੇ ਉਹ ਇਹ ਇੱਕ ਬਿਹਤਰ ਜੀਵਨ ਜੀਉਣ।

ਪਰ ਪਾਖੰਡੀ ਅਤੇ ਉਹ ਲੋਕ ਜੋ ਤੌਬਾ ਨਹੀਂ ਕਰਦੇ,
ਆਪਣੇ ਆਪ ਉੱਤੇ ਸਜ਼ਾ ਲਿਆਉਣ ਲਈ ਖਾਂਦੇ ਅਤੇ ਪੀਂਦੇ ਹਨ[1]।

1 ਪਹਿਲਾ ਕੁਰਿੰਥੀਆਂ 10:19-22, 11:26-32

**ਸਵਾਲ 82 ਜੋ ਲੋਕ ਆਪਣੀ ਕਹਿਣੀ ਅਤੇ ਕਰਨੀ ਦੇ ਦੁਆਰਾ ਇਹ ਜਾਹਿਰ ਕਰਦੇ ਹਨ ਨਿਹਚਾ ਨਹੀਂ ਕਰ ਰਹੇ ਅਤੇ ਪਰਮੇਸ਼ਵਰ ਰਹਿਤ ਹਨ ਕੀ ਉਹਨਾਂ ਨੂੰ ਪ੍ਰਭੂ ਭੋਜ ਵਿੱਚ ਸਰੀਕ ਕਰਨਾ ਚਾਹੀਦਾ ਹੈ ?**

**ਉੱਤਰ** ਨਹੀ! ਇਹ ਤਾਂ ਪਰਮੇਸ਼ਵਰ ਦੇ ਨੇਮ ਦਾ ਅਪਮਾਣ ਹੋਵੇਗਾ
ਅਤੇ ਸਾਰੀ ਸਭਾ ਉੱਤੇ ਪਰਮੇਸ਼ਵਰ ਦੇ ਕਰੋਧ ਨੂੰ ਲਿਆਵੇਗਾ[1]।
ਇਸ ਕਰਕੇ ਮਸੀਹ ਦੇ ਦੁਆਰਾ ਦਿੱਤੀ ਹਦਾਇਤ ਅਤੇ ਉਸ ਦੇ
ਰਸੂਲਾਂ ਦੇ ਅਨੁਸਾਰ, ਮਸੀਹੀ ਕਲੀਸੀਆਂ ਦੀ ਇਹ ਜ਼ਿੰਮੇਵਾਰੀ ਹੈ
ਕਿ ਉਹ ਇਹੋ ਜਿਹੇ ਲੋਕਾਂ ਨੂੰ ਰਾਜ ਦੀਆਂ ਕੁੰਜੀਆਂ ਦੀ ਅਧਿਕ੍ਰਿਤ
ਵਰਤੋਂ ਦੇ ਦੁਆਰਾ ਵੱਖਰਾ ਕਰਨ।

1 ਪਹਿਲਾ ਕੁਰਿੰਥੀਆਂ 11:17-32, ਜ਼ਬੂਰ 50-14-16, ਯਸਾਯਾਹ 1:11-17

## ਪ੍ਰਭੂ ਦਾ 31ਵਾਂ ਦਿਨ

### ਸਵਾਲ 83 ਰਾਜ ਦੀਆਂ ਕੁੰਜੀਆਂ ਕੀ ਹਨ ?

**ਉੱਤਰ** ਪਵਿੱਤਰ ਖੁਸ਼ਖਬਰੀ ਦਾ ਪਰਚਾਰ
ਅਤੇ ਤੌਬਾ ਵੱਲ ਮਸੀਹੀ ਅਨੁਸ਼ਾਸਨ।
ਪਰਚਾਰ ਅਤੇ ਅਨੁਸ਼ਾਸਨ, ਦੋਵੇਂ ਸੁਰਗ ਦੇ
ਰਾਜ ਨੂੰ ਵਿਸ਼ਵਾਸੀਆਂ ਵਾਸਤੇ ਖੋਲ੍ਹਦੇ ਹਨ ਅਤੇ
ਅਵਿਸ਼ਵਾਸੀਆਂ ਵਾਸਤੇ ਇਸ ਨੂੰ ਬੰਦ ਕਰਦੇ ਹਨ[1]।

1 ਮੱਤੀ 16:19, ਯੂਹੰਨਾ 20:22-23

### ਸਵਾਲ 84 ਖੁਸ਼ਖਬਰੀ ਦਾ ਪਰਚਾਰ ਸੁਰਗ ਦੇ ਰਾਜ ਨੂੰ ਕਿਵੇਂ ਖੋਲ੍ਹਦਾ ਅਤੇ ਬੰਦ ਕਰਦਾ ਹੈ ?

**ਉੱਤਰ** ਮਸੀਹ ਦੇ ਹੁਕਮ ਦੇ ਅਨੁਸਾਰ :-

ਸੁਰਗ ਦਾ ਰਾਜ ਸਾਰੇ ਵਿਸ਼ਵਾਸੀਆਂ ਅਤੇ ਬਾਕੀ
ਵੀ ਹਰੇਕ ਲਈ ਇਹ ਪ੍ਰਚਾਰ ਕਰਨ ਅਤੇ ਸਰਬਜਨਕ ਤੌਰ
ਤੇ ਇਹ ਐਲਾਨ ਕਰਨ ਨਾਲ ਖੋਲ੍ਹਿਆ ਜਾਂਦਾ ਹੈ ਕਿ
ਜਿਉਂ ਜਿਉਂ ਉਹ ਖੁਸ਼ਖਬਰੀ ਦੇ ਵਾਇਦੇ ਨੂੰ ਸੱਚੀ
ਨਿਹਚਾ ਨਾਲ ਕਬੂਲ ਕਰਦੇ ਹਨ, ਤਿਉਂ-ਤਿਉਂ ਪਰਮੇਸ਼ਵਰ
ਉਸ ਕੰਮ ਦੇ ਕਾਰਨ ਜੋ ਮਸੀਹ ਨੇ ਕਰ ਦਿੱਤਾ ਹੈ,
ਸੱਚਮੁੱਚ ਉਹਨਾਂ ਦੇ ਸਾਰੇ ਪਾਪ ਮਾਫ ਕਰ ਦਿੰਦਾ ਹੈ।

ਪਰ ਸੁਰਗ ਦਾ ਰਾਜ ਅਵਿਸ਼ਵਾਸੀਆਂ ਅਤੇ ਪਾਖੰਡੀਆਂ
ਲਈ ਇਹ ਪ੍ਰਚਾਰ ਕਰਨ ਅਤੇ ਸਰਬਜਨਕ ਤੌਰ ਤੇ ਐਲਾਨ
ਕਰਨ ਨਾਲ ਬੰਦ ਕਰ ਦਿੱਤਾ ਜਾਂਦਾ ਹੈ ਕਿ ਜਦੋਂ ਤੱਕ ਉਹ ਤੌਬਾ ਨਹੀਂ ਕਰਦੇ,
ਪਰਮੇਸ਼ਵਰ ਦਾ ਕਰੋਧ ਅਤੇ ਅਬਦੀ ਸਜ਼ਾ ਉਨ੍ਹਾਂ ਉੱਤੇ ਬਣੀ ਰਹਿੰਦੀ ਹੈ।

ਇਸ ਜੀਵਨ ਵਿੱਚ ਅਤੇ ਆਉਣ ਵਾਲੇ ਜੀਵਨ ਦੋਹਾਂ ਵਿੱਚ ਹੀ
ਪਰਮੇਸ਼ਵਰ ਦੀ ਸਜ਼ਾ ਵਿੱਚ ਖੁਸ਼ਖਬਰੀ ਦੀ ਗਵਾਹੀ ਉੱਤੇ ਹੀ ਆਧਾਰਿਤ ਹੈ[1]।

1 ਮੱਤੀ 16:19, ਯੂਹੰਨਾ 3:31-36, 20:21-23



### ਸਵਾਲ 85 ਮਸੀਹੀ ਅਨੁਸ਼ਾਸਨ ਦੇ ਦੁਆਰਾ ਸੁਰਗ ਦਾ ਰਾਜ ਕਿਵੇਂ ਖੋਲ੍ਹਿਆ ਅਤੇ ਬੰਦ ਕੀਤਾ ਜਾਂਦਾ ਹੈ ?

**ਉੱਤਰ** ਮਸੀਹ ਦੇ ਹੁਕਮ ਦੇ ਅਨੁਸਾਰ :-

ਉਹ ਲੋਕ, ਜੋ ਕਿ ਭਾਂਵੇ ਮਸੀਹੀ ਤਾਂ ਆਖੇ ਜਾਂਦੇ ਹਨ,
ਪਰ ਗੈਰ ਮਸੀਹੀ ਸਿੱਖਿਆਵਾਂ ਦਾ ਦਾਅਵਾ ਕਰਦੇ ਹਨ
ਜਾਂ ਗੈਰ ਮਸੀਹੀ ਜੀਵਨ ਜੀਉਂਦੇ ਹਨ ਅਤੇ ਵਾਰ-ਵਾਰ
ਪ੍ਰੇਮ-ਪੂਰਵਕ ਸਲਾਹ ਮਸ਼ਵਰਾ ਦੇਣ ਤੋਂ ਬਾਅਦ ਵੀ ਆਪਣੀ
ਦੁਸ਼ਟਤਾ ਅਤੇ ਗਲਤੀਆਂ ਨੂੰ ਤਿਆਗਣ ਤੋ ਇੰਨਕਾਰ ਕਰਦੇ ਹਨ
ਅਤੇ ਕਲੀਸੀਆ ਭਾਵ ਇਸ ਦੇ ਅਧਿਕਾਰੀਆਂ ਕੋਲੋਂ ਖਬਰ
ਦਿੱਤੇ ਜਾਣ ਤੋਂ ਬਾਅਦ ਵੀ ਉਹਨਾਂ ਦੁਆਰਾ ਦਿੱਤੀ ਚਿਤਾਵਨੀ
ਵਾਰੇ ਗੌਰ ਕਰਨ ਵਿੱਚ ਅਸਫਲ ਰਹਿੰਦੇ ਹਨ, ਕਲੀਸੀਆਂ ਦੇ
ਅਧਿਕਾਰੀ ਇਹੋ ਜਿਹੇ ਵਿਅਕਤੀਆਂ ਨੂੰ ਕਿਰਪਾ ਦੇ ਵਸੀਲੀਆਂ
ਤੋਂ ਵਾਂਝਿਆਂ ਰੱਖ ਕੇ ਉਹਨਾਂ ਨੂੰ ਮਸੀਹੀ ਸੰਗਤ ਤੋਂ ਬਾਹਰ ਰੱਖਦੇ
ਹਨ ਅਤੇ ਪਰਮੇਸ਼ਵਰ ਖੁਦ ਵੀ ਉਹਨਾਂ ਨੂੰ ਮਸੀਹ ਦੇ ਰਾਜ ਤੋਂ ਬਾਹਰ ਰੱਖਦਾ ਹੈ[1]।

ਇਹੋ ਜਿਹੇ ਲੋਕ,
ਜਦੋਂ ਸੱਚੇ ਸੁਧਾਰ ਦਾ ਵਾਇਦਾ ਕਰਨ ਅਤੇ ਇਸ ਪ੍ਰਦਰਸ਼ਿਤ ਕਰਨ
ਤਦ ਉਹ ਦੁਬਾਰਾ ਫਿਰ ਮਸੀਹ ਦੇ ਅਤੇ ਉਸ ਦੀ ਕਲੀਸੀਆ
ਦੇ ਮੈਂਬਰ ਹੋਣ ਲਈ ਕਬੂਲ ਕੀਤੇ ਜਾਂਦੇ ਹਨ[2]।

1 ਮੱਤੀ 18:15-20, ਪਹਿਲਾ ਕੁਰਿੰਥੀਆਂ 5:3-5, 11:13, ਦੂਸਰਾ ਥੱਸੁਲੁਨੀਕੀਆਂ 3:14-15

2 ਲੂਕਾ 15:20-24, ਦੂਸਰਾ ਕੁਰਿੰਥੀਆਂ 2:6-11

# ਭਾਗ ਤੀਸਰਾ :- ਧੰਨਵਾਦ

## ਪ੍ਰਭੂ ਦਾ 32ਵਾਂ ਦਿਨ

**ਸਵਾਲ 86 ਅਸੀਂ ਆਪਣੇ ਦੁੱਖ ਤੋਂ ਸਿਰਫ ਪਰਮੇਸ਼ਵਰ ਦੀ ਮਸੀਹ ਦੇ ਰਾਹੀਂ ਕੀਤੀ ਕਿਰਪਾ ਦੇ ਦੁਆਰਾ, ਹੀ ਛੁਡਾਏ ਗਏ ਹਾਂ ਅਤੇ ਇਸ ਕਰਕੇ ਨਹੀਂ ਕਿ ਅਸੀਂ ਇਸ ਨੂੰ ਆਪਣੀ ਕੋਸ਼ਿਸ਼ ਨਾਲ ਹਾਸਲ ਕੀਤਾ ਹੈ। ਫਿਰ ਸਾਨੂੰ ਅਜੇ ਵੀ ਭਲੇ ਦੇ ਕੰਮ ਕਿਉਂ ਕਰਨੇ ਚਾਹੀਦੇ ਹਨ ?**

**ਉੱਤਰ** ਇਹ ਗੱਲ ਤਾਂ ਪੂਰੀ ਤਰਾਂ ਸੱਚ ਹੀ ਹੈ ਕਿ ਮਸੀਹ ਨੇ ਸਾਨੂੰ ਆਪਣੇ ਲਹੂ ਨਾਲ ਮੁੱਲ ਲੈ ਲਿਆ ਹੈ।
ਪਰ ਅਸੀਂ ਭਲੇ ਦੇ ਕੰਮ ਇਸ ਕਰਕੇ ਕਰਦੇ ਹਾਂ ਕਿਉਂਕਿ ਮਸੀਹ ਸਾਨੂੰ ਆਪਣੇ ਆਤਮਾ ਦੇ ਦੁਆਰਾ ਖੁਦ ਉਸ ਦੇ ਵਰਗੇ ਹੋਣ ਲਈ ਨਵਾਂ ਜੀਵਨ ਵੀ ਪ੍ਰਦਾਨ ਕਰ ਰਿਹਾ ਹੈ ਤਾਂ ਕਿ ਅਸੀਂ ਆਪਣੇ ਸਾਰੇ ਜੀਉਣ ਦੇ ਦੁਆਰਾ ਇਹ ਵਿਖਾ ਸਕੀਏ ਕਿ ਅਸੀਂ ਪਰਮੇਸ਼ਵਰ ਦੇ ਉਸ ਸੱਭ ਦੇ ਲਈ ਧੰਨਵਾਦੀ ਹਾਂ ਜੋ ਕੁੱਝ ਉਸ ਨੇ ਸਾਡੇ ਵਾਸਤੇ ਕੀਤਾ ਹੈ[1] ਤਾਂ ਕਿ ਸਾਡੇ ਦੁਆਰਾ ਉਸ ਦੀ ਵਡਿਆਈ ਕੀਤੀ ਜਾਵੇ[2]।
ਅਤੇ ਅਸੀਂ ਭਲੇ ਦੇ ਕੰਮ ਇਸ ਲਈ ਕਰਦੇ ਹਾਂ ਤਾਂ ਕਿ ਇਸ ਦੇ ਫਲਾਂ ਦੇ ਦੁਆਰਾ ਅਸੀਂ ਆਪਣੀ ਨਿਹਚਾ ਵਾਰੇ ਪੂਰੀ ਨਿਸ਼ਚਿੱਤਤਾ ਰੱਖੀਏ[3]।
ਅਤੇ ਇਸ ਲਈ ਵੀ ਕਿ ਸਾਡੇ ਪਰਮੇਸ਼ਵਰ ਪ੍ਰੱਸਤ ਜੀਉਣ ਦੇ ਦੁਆਰਾ ਸਾਡੇ ਗੁਆਂਢੀ ਮਸੀਹ ਲਈ ਜਿੱਤੇ ਜਾ ਸਕਣ[4]।

1 ਰੋਮੀਆਂ 6:13, 12:1-2, ਪਹਿਲਾ ਪਤਰਸ 2:5-10
2 ਮੱਤੀ 5:16, ਪਹਿਲਾ ਕੁਰਿੰਥੀਆਂ 6:19-20
3 ਮੱਤੀ 7:17-18, ਗਲਾਤੀਆਂ 5:22-24, ਦੂਸਰਾ ਪਤਰਸ 1:10-11
4 ਮੱਤੀ 5:14-16, ਰੋਮੀਆਂ 14:17-19, ਪਹਿਲਾ ਪਤਰਸ 2:1-2, 3:1-2

**ਸਵਾਲ 87 ਉਹ ਲੋਕ ਜੋ ਆਪਣੇ ਪਸ਼ਚਾਤਾਪ ਨਾਂ ਕਰਨ ਵਾਲੇ (ਚੀਫ) ਅਤੇ ਨਾਂ ਸ਼ੁਕਰਗੁਜ਼ਾਰ ਰਾਹਾਂ ਤੋਂ ਪਰਮੇਸ਼ਵਰ ਵੱਲ੍ਹ ਨਹੀਂ ਮੁੜਦੇ, ਕੀ ਉਹ ਬਚਾਏ ਜਾ ਸਕਦੇ ਹਨ ?**

**ਉੱਤਰ** ਬਿਲੱਕੁਲ ਨਹੀ!
ਬਾਈਬਲ ਬਾਣੀ ਸਾਨੂੰ ਦੱਸਦੀ ਹੈ ਕਿ,
"ਨਾਂ ਹਰਾਮਕਾਰ, ਨਾ ਮੂਰਤੀ ਪੂਜਕ, ਨਾਂ ਜ਼ਨਾਹਕਾਰ, ਨਾਂ ਚੋਰ, ਨਾਂ ਲੋਭੀ, ਨਾਂ ਸ਼ਰਾਬੀ, ਨਾਂ ਬਦਨਾਮੀ ਕਰਨ ਵਾਲਾ, ਨਾਂ ਲੁਟੇਰਾ ਅਤੇ ਨਾਂ ਇਸ ਤਰਾਂ ਦਾ ਹੋਰ ਕੋਈ ਪਰਮੇਸ਼ਵਰ ਦੇ ਰਾਜ ਦਾ ਵਾਰਿਸ ਹੋਣ ਜਾ ਰਿਹਾ ਹੈ1।

1 ਪਹਿਲਾ ਕੁਰਿੰਥੀਆਂ 6:9-10, ਗਲਾਤੀਆਂ 5:19-21, ਅਫਸੀਆਂ 5:1-20, ਪਹਿਲਾ ਯੂਹੰਨਾ 3:14



## ਪ੍ਰਭੂ ਦਾ 33ਵਾਂ ਦਿਨ

**ਸਵਾਲ 88 ਸੱਚੀ ਤੌਬਾ ਜਾਂ ਨਵੇਂ-ਜਨਮ ਵਿੱਚ ਕੀ ਕੁੱਝ ਸ਼ਾਮਲ ਹੈ ?**

**ਉੱਤਰ** ਦੋ ਗੱਲਾਂ!
ਪੁਰਾਣੇ ਆਪਣੇ ਪਨ ਦਾ ਮਰ ਜਾਣਾ ਅਤੇ
ਨਵੇਂ ਦਾ ਜ਼ਿੰਦਾ ਹੋ ਜਾਣਾ[1]।

1 ਰੋਮੀਆਂ 6:1-11, ਦੂਸਰਾ ਕੁਰਿੰਥੀਆਂ 5:17, ਅਫਸੀਆਂ 4:22-24, ਕੁਲੁਸੀਆਂ 3:5-10

**ਸਵਾਲ 89 ਪੁਰਾਣੇ ਆਪਣੇ ਪਨ ਦਾ ਮਰ ਜਾਣਾ ਕੀ ਹੁੰਦਾ ਹੈ ?**

**ਉੱਤਰ** ਇਸ ਤੋਂ ਭਾਵ ਪਾਪ ਦੇ ਕਾਰਨ ਸੱਚਮੁੱਚ ਦੁੱਖੀ ਹੋਣਾ,
ਇਸ ਨੂੰ ਜ਼ਿਆਦਾ ਤੋਂ ਜ਼ਿਆਦਾ ਘਿਣ ਕਰਨਾ
ਅਤੇ ਇਸ ਤੋਂ ਪਰ੍ਹੇ ਭੱਜਣਾ ਹੈ[1]।

1 ਜ਼ਬੂਰ 51:3-4, 17. ਯੋਏਲ 2:12-13, ਰੋਮੀਆਂ 8:12-13, ਦੂਸਰਾ ਕੁਰਿੰਥੀਆਂ 7:10

**ਸਵਾਲ 90 ਨਵੇਂ ਆਪਣੇ ਪਨ ਦੇ ਜ਼ਿੰਦਾ ਹੋ ਜਾਣ ਤੋਂ ਕੀ ਭਾਵ ਹੁੰਦਾ ਹੈ ?**

**ਉੱਤਰ** ਇਹ ਮਸੀਹ ਦੇ ਰਾਹੀਂ ਪਰਮੇਸ਼ਵਰ ਵਿੱਚ ਸੰਪੂਰਨ ਦਿੱਲ ਤੋਂ ਆਨੰਦਿਤ ਹੋਣਾ[1]
ਅਤੇ ਹਰ ਤਰਾਂ ਦਾ ਉਹ ਭਲਾ ਕੰਮ ਕਰਨ ਵਿੱਚ ਆਨੰਦਿਤ ਹੋਣਾ ਹੈ
ਜੋ ਪਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਕਰੀਏ[2]।

1 ਜ਼ਬੂਰ 51:8, 12, ਯਸਾਯਾਹ 57:15, ਰੋਮੀਆਂ 5:1, 14:17
2 ਰੋਮੀਆਂ 6:10-11, ਗਲਾਤੀਆਂ 2:20

**ਸਵਾਲ 91 ਉਹ ਕਿਹੜਾ ਭਲੇ ਦਾ ਕੰਮ ਹੈ ਜੋ ਅਸੀਂ ਕਰਦੇ ਹਾਂ ?**

ਉੱਤਰ ਸਿਰਫ ਉਹ
ਜੋ ਸੱਚੀ ਨਿਹਚਾ ਵਿਚੋਂ ਨਿੱਕਲਦਾ ਹੈ[1],
ਪਰਮੇਸ਼ਵਰ ਦੀ ਬਿਵਸਥਾ ਦੇ ਨਾਲ ਮੇਲ ਖਾਂਦਾ ਹੈ[2],
ਅਤੇ ਉਸ ਦੀ ਮਹਿਮਾ ਨਹੀ ਕੀਤਾ ਜਾਂਦਾ ਹੈ[3]।
ਅਤੇ ਉਹ ਨਹੀਂ ਜੋ ਇਸ ਗੱਲ ਉੱਤੇ ਆਧਾਰਿਤ ਹੋਵੇ
ਜੋ ਅਸੀਂ ਸੋਚਦੇ ਹਾਂ ਕਿ ਠੀਕ ਹੈ ਜਾਂ ਫਿਰ ਕਿਸੇ
ਸਥਾਪਿਤ ਮਨੁੱਖੀ ਰੀਤਾਂ ਉੱਤੇ ਜੋ ਆਧਾਰਿਤ ਹੋਵੇ[4]।

1 ਯੂਹੰਨਾ 15:5, ਇਬਰਾਨੀਆਂ 11:6
2 ਲੇਵੀਆਂ 18:4, ਪਹਿਲਾ ਸਮੂਏਲ 15:22, ਅਫਸੀਆਂ 2:10
3 ਪਹਿਲਾ ਕੁਰਿੰਥੀਆਂ 10:31
4 ਬਿਵਸਥਾ ਸਾਰ 12:32, ਯਸਾਯਾਹ 29:13, ਹਿਜ਼ਕੀਏਲ 20:18-19, ਮੱਤੀ 15:7-9

## ਪ੍ਰਭੂ ਦਾ 34ਵਾਂ ਦਿਨ

**ਸਵਾਲ 92 ਪ੍ਰਭੂ ਆਪਣੀ ਬਿਵਸਥਾ ਵਿੱਚ ਕੀ ਆਖਦਾ ਹੈ ?**

**ਉੱਤਰ** ਇਹ ਸੱਭ ਗੱਲਾਂ ਪ੍ਰਭੂ ਨੇ ਆਖੀਆਂ ਸਨ :-

*ਪਹਿਲਾ ਹੁਕਮ-*

ਮੈਂ ਯਹੋਵਾਹ ਤੇਰਾ ਪਰਮੇਸ਼ਵਰ ਹਾਂ
ਜਿਹੜਾ ਤੈਨੂੰ ਮਿਸਰ ਦੇਸ ਤੋਂ ਗੁਲਾਮੀ ਦੇ
ਘਰ ਤੋਂ ਕੱਢ ਲਿਆਇਆ ਹਾਂ।
ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾਂ ਹੋਣ।

*ਦੂਸਰਾ ਹੁਕਮ-*

ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾਂ ਬਣਾ,
ਨਾਂ ਕਿਸੇ ਚੀਜ ਦੀ ਸੂਰਤ ਜਿਹੜੀ ਉੱਪਰ ਆਕਾਸ਼ ਵਿੱਚ
ਅਤੇ ਜਿਹੜੀ ਹੇਠਾਂ ਧਰਤੀ ਉੱਤੇ ਅਤੇ ਜਿਹੜੀ ਧਰਤੀ ਦੇ
ਹੇਠਲੇ ਪਾਣੀਆਂ ਵਿੱਚ ਹੈ। ਨਾਂ ਤੂੰ ਉਨ੍ਹਾਂ ਦੇ ਅੱਗੇ ਮੱਥਾ ਟੇਕ,
ਨਾਂ ਉਨ੍ਹਾਂ ਦੀ ਪੂਜਾ ਕਰ, ਕਿਉਂ ਜੋ ਮੈਂ ਯਹੋਵਾਹ ਤੇਰਾ
ਪਰਮੇਸ਼ਵਰ ਅਣਖ ਵਾਲਾ ਪਰਮੇਸ਼ਵਰ ਹਾਂ ਜਿਹੜਾ ਪਿਉ
ਦਾਦਿਆਂ ਦੀ ਬੁਰਿਆਈ ਨੂੰ ਬੱਚਿਆਂ ਉੱਤੇ ਅਤੇ ਆਪਣੀ
ਵੈਰੀਆਂ ਦੀ ਤੀਜੀ ਅਤੇ ਚੌਥੀ ਪੀੜ੍ਹੀ ਉੱਤੇ ਲਿਆਉਂਦਾ ਹਾਂ।
ਪਰ ਹਜ਼ਾਰਾਂ ਉੱਤੇ ਜਿਹੜੇ ਮੇਰੇ ਨਾਲ ਪਰੀਤ ਪਾਲਦੇ ਹਨ ਤੇ
ਮੇਰੇ ਹੁਕਮਾਂ ਨੂੰ ਮੰਨਦੇ ਹਨ, ਦਯਾ ਕਰਦਾ ਹਾਂ।

*ਤੀਸਰਾ ਹੁਕਮ -*

ਤੂੰ ਯਹੋਵਾਹ ਆਪਣੇ ਪਰਮੇਸ਼ਵਰ ਦਾ ਨਾਂ ਵਿਅਰਥ ਨਾਂ
ਲੈ ਕਿਉਂਕਿ ਜਿਹੜਾ ਉਸ ਦਾ ਨਾਮ ਵਿਅਰਥ ਲੈਂਦਾ ਹੈ,
ਯਹੋਵਾਹ ਉਸ ਨੂੰ ਬੇਦੋਸ਼ ਨਾਂ ਠਹਿਰਾਏਗਾ।

*ਚੌਥਾ ਹੁਕਮ -*

ਤੂੰ ਸਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ।
ਛੇ ਦਿਨ ਤੂੰ ਮਿਹਨਤ ਕਰ ਅਤੇ ਆਪਣਾ ਸਾਰਾ ਕੰਮ ਧੰਦਾ ਕਰ।
ਪਰ ਸੱਤਵਾਂ ਦਿਨ ਯਹੋਵਾਹ ਤੇਰੇ ਪਰਮੇਸ਼ਵਰ ਲਈ ਸਬਤ ਹੈ।
ਤੂੰ ਉਸ ਵਿੱਚ ਕੋਈ ਕੰਮ ਧੰਦਾ ਨਾਂ ਕਰ, ਨਾਂ ਤੂੰ,
ਨਾਂ ਤੇਰਾ ਪੁੱਤਰ, ਨਾਂ ਤੇਰੀ ਧੀ, ਨਾਂ ਤੇਰਾ ਗੋਲਾ ਨਾਂ ਤੇਰੀ ਗੋਲੀ,
ਨਾਂ ਤੇਰਾ ਡੰਗਰ ਅਤੇ ਨਾਂ ਤੇਰਾ ਪਰਦੇਸੀ ਜਿਹੜਾ ਤੇਰੇ ਫਾਟਕਾਂ ਦੇ ਅੰਦਰ ਹੈ।
ਕਿਉਂ ਜੋ ਛਿਆਂ ਦਿਨਾਂ ਵਿੱਚ ਯਹੋਵਾਹ ਨੇ ਆਕਾਸ਼ ਅਤੇ ਧਰਤੀ ਨੂੰ,
ਸਮੁੰਦਰ ਨੂੰ ਅਤੇ ਸਭ ਕੁੱਝ ਜੋ ਉਨ੍ਹਾਂ ਦੇ ਵਿੱਚ ਹੈ ਬਣਾਇਆ ਪਰ
ਸੱਤਵੇਂ ਦਿਨ ਵਿਸਰਾਮ ਕੀਤਾ। ਏਸ ਲਈ ਯਹੋਵਾਹ ਨੇ ਸਬਤ ਦੇ ਉਸ
ਦਿਨ ਨੂੰ ਬਰਕਤ ਦਿੱਤੀ ਅਰ ਉਸ ਨੂੰ ਪਵਿੱਤਰ ਠਹਿਰਾਇਆ।



*ਪੰਜਵਾਂ ਹੁਕਮ -*

ਤੂੰ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ
ਤਾਂ ਜੋ ਤੇਰੇ ਦਿਨ ਉਸ ਭੂਮੀ ਉੱਤੇ ਜਿਹੜੀ ਯਹੋਵਾਹ ਤੇਰਾ
ਪਰਮੇਸ਼ਵਰ ਤੈਨੂੰ ਦਿੰਦਾ ਹੈ ਲੰਮੇ ਹੋਣ।

*ਛੇਵਾਂ ਹੁਕਮ -*

ਤੂੰ ਖ਼ੂਨ ਨਾਂ ਕਰ

*ਸੱਤਵਾਂ ਹੁਕਮ -*

ਤੂੰ ਜ਼ਨਾਹ ਨਾ ਕਰ।

*ਅੱਠਵਾਂ ਹੁਕਮ -*

ਤੂੰ ਚੋਰੀ ਨਾ ਕਰ।

*ਨੌਵਾਂ ਹੁਕਮ -*

ਤੂੰ ਆਪਣੇ ਗਵਾਂਢੀ ਉੱਤੇ ਝੂਠੀ ਗਵਾਹੀ ਨਾ ਦੇਹ।

*ਦੱਸਵਾਂ ਹੁਕਮ -*

ਤੂੰ ਆਪਣੇ ਗਵਾਂਢੀ ਦੇ ਘਰ ਦਾ ਲਾਲਸਾ ਨਾਂ ਕਰ।
ਤੂੰ ਆਪਣੇ ਗਵਾਂਢੀ ਦੀ ਤੀਵੀਂ ਦਾ ਲਾਲਸਾ ਨਾਂ ਕਰ,
ਨਾਂ ਉਸ ਦੇ ਗੋਲੇ ਦਾ, ਨਾਂ ਉਸ ਦੀ ਗੋਲੀ ਦਾ,
ਨਾਂ ਉਸ ਦੇ ਬਲਦ ਦਾ, ਨਾਂ ਉਸ ਦੇ ਗਧੇ ਦਾ,
ਨਾਂ ਕਿਸੇ ਚੀਜ਼ ਦਾ ਜਿਹੜੀ ਤੇਰੇ ਗਵਾਂਢੀ ਦੀ ਹੈ[1]।

1 ਕੂਚ 20:1-17, ਬਿਵਸਥਾ ਸਾਰ 5:6-21

**ਸਵਾਲ 93 ਇਹਨਾਂ ਹੁਕਮਾਂ ਨੂੰ ਕਿਵੇਂ ਵੰਡਿਆਂ ਗਿਆ ਹੈ ?**

**ਉੱਤਰ** ਦੋ ਭਾਗਾਂ ਵਿੱਚ
ਪਹਿਲੇ ਭਾਗ ਵਿੱਚ 4 ਹੁਕਮ ਹਨ,
ਜੋ ਸਾਨੂੰ ਇਹ ਸਿਖਾਉਂਦੇ ਹਨ ਕਿ ਪਰਮੇਸ਼ਵਰ ਨਾਲ
ਸਾਡਾ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ।
ਦੂਸਰੇ ਭਾਗ ਵਿੱਚ 6 ਹੁਕਮ ਹਨ
ਜੋ ਸਾਨੂੰ ਇਹ ਸਿਖਾਉਂਦੇ ਹਨ ਕਿ ਅਸੀਂ ਆਪਣੇ
ਗਵਾਂਢੀ ਦੇ ਪ੍ਰਤੀ ਕਿਵੇਂ ਕਰਜ਼ਦਾਰ ਹਾਂ[1]।

1 ਮੱਤੀ 22:37-39

**ਸਵਾਲ 94 ਪਹਿਲੇ ਹੁਕਮ ਵਿੱਚ ਪਰਮੇਸ਼ਵਰ ਕੀ ਮੰਗ ਕਰਦਾ ਹੈ ?**

**ਉੱਤਰ** ਇਹ ਕਿ ਮੈਂ, ਆਪਣੀ ਮੁਕਤੀ ਨੂੰ ਖਤਰੇ
ਵਿੱਚ ਨਾਂ ਪਾਉਂਦਾ ਹੋਇਆ,
ਸਭ ਪ੍ਰਕਾਰ ਦੀ ਮੂਰਤੀ ਪੂਜਾ[1], ਜਾਦੂਗਰੀ ,ਫੋਕੇ ਵਹਿਮਾਂ ਵਾਲੇ ਰੀਤ ਰਿਵਾਜ਼ਾਂ[2]
ਅਤੇ ਸੰਤਾਂ ਦੇ ਅੱਗੇ ਪ੍ਰਾਰਥਨਾਵਾਂ ਅਤੇ ਸ਼ਰਿਸ਼ਟੀ ਦੇ ਹੋਰ ਪ੍ਰਾਣੀਆਂ ਅੱਗੇ
ਪ੍ਰਾਰਥਨਾਵਾਂ ਕਰਨ ਤੋਂ ਦੂਰ ਰਹਾਂ[3]
ਅਤੇ ਆਪਣੇ ਆਪ ਤੋਂ ਦੂਰ ਰੱਖਾਂ।
ਹੋਰ ਅੱਗੇ ਇਹ ਕਿ ਮੈਂ ਸੱਚੇ ਦਿਲੋਂ ਇੱਕੋ ਇੱਕ ਸੱਚੇ
ਪਰਮੇਸ਼ਵਰ ਦੀ ਸੱਚਾਈ ਨੂੰ ਕਬੂਲ ਕਰਾਂ[4],
ਸਿਰਫ ਉਸੇ ਉੱਤੇ ਭਰੋਸਾ ਰੱਖਾਂ[5],
ਹਰ ਭਲੀ ਵਸਤੂ ਲਈ ਉਸੇ ਵੱਲੂ[6],
ਨਮਰਤਾ ਪੂਰਵਕ[7],
ਅਤੇ ਧੀਰਜ ਨਾਲ ਤੱਕਾਂ[8],
ਉਸ ਨਾਲ ਪਿਆਰ ਕਰਾਂ[9],
ਉਸ ਦਾ ਭੈ ਰੱਖਾਂ[10],
ਅਤੇ ਉਸ ਦਾ ਆਦਰ ਆਪਣੇ ਪੂਰੇ ਦਿੱਲ ਨਾਲ ਕਰਾਂ[11]।

ਸੰਖੇਪ ਵਿੱਚ ਇਹ ਕਿ,
ਕਿਸੇ ਲਿਹਾਜ਼ ਨਾਲ ਵੀ ਪਰਮੇਸ਼ਵਰ ਦੀ ਇੱਛਾ
ਦੇ ਵਿਰੁਧ ਜਾਣ ਦੀ ਬਜਾਏ, ਮੈਂ ਹਰ ਚੀਜ਼ ਦਾ ਤਿਆਗ ਕਰਾਂ[12]।

1 ਪਹਿਲਾ ਕੁਰਿੰਥੀਆਂ 6:9-10, 10:5-14, ਪਹਿਲਾ ਯੂਹੰਨਾ 5:21
2 ਲੇਵੀਆਂ 19:31, ਬਿਵਸਥਾ ਸਾਰ 18:9-12
3 ਮੱਤੀ 4:10, ਪ੍ਰਕਾਸ਼ ਦੀ ਪੋਥੀ 19:10, 22:8-9
4 ਯੂਹੰਨਾ 17:3
5 ਯਿਰਮਿਯਾਹ 17:5-7
6 ਜ਼ਬੂਰ 104-27-28, ਯਾਕੂਬ 1:17
7 ਪਹਿਲਾ ਪਤਰਸ 5:5-6
8 ਕੁਲੁਸੀਆਂ 1:11, ਇਬਰਾਨੀਆਂ 10:36
9 ਮੱਤੀ 22:37 (ਬਿਵਸਥਾ ਸਾਰ 6:5)
10 ਕਹਾਉਤਾਂ 9:10, ਪਹਿਲਾ ਪਤਰਸ 1:17
11 ਮੱਤੀ 4:10 (ਬਿਵਸਥਾ ਸਾਰ 6:13)
12 ਮੱਤੀ 5:29-30, 10:37-39

**ਸਵਾਲ 95 ਮੂਰਤੀ ਪੂਜਾ ਕੀ ਹੈ ?**

**ਉੱਤਰ** ਮੂਰਤੀ ਪੂਜਾ,
ਇੱਕੋ ਇੱਕ ਸੱਚੇ ਪਰਮੇਸ਼ਵਰ, ਜਿਸ ਨੇ ਬਾਈਬਲ ਬਾਣੀ ਵਿੱਚ
ਆਪਣੇ ਆਪ ਨੂੰ ਪ੍ਰਕਾਸ਼ਿਤ ਕੀਤਾ ਹੈ, ਉਸ ਦੀ ਬਜਾਏ ਜਾਂ ਉਸ ਦੇ
ਨਾਲ ਕਿਸੇ ਹੋਰ ਚੀਜ ਨੂੰ ਰੱਖਣਾ ਜਾਂ ਖੋਜ ਕਰਨਾ ਹੈ,
ਜਿਸ ਵਿੱਚ ਕੋਈ ਭਰੋਸਾ ਰੱਖਦਾ ਹੈ[1]।

1 ਪਹਿਲਾ ਇਤਿਹਾਸ 16:26, ਗਲਾਤੀਆਂ 4:8-9 ਅਫਸੀਆਂ 5:5, ਫਿੱਲਿਪੀਆਂ 3:19



## ਪ੍ਰਭੂ ਦਾ 35ਵਾਂ ਦਿਨ

**ਸਵਾਲ 96 ਪਹਿਲੇ ਹੁਕਮ ਵਿੱਚ ਸਾਡੇ ਵਾਸਤੇ ਪ੍ਰਭੂ ਦੀ ਇੱਛਾ ਕੀ ਹੈ ?**

**ਉੱਤਰ** ਇਹ ਕਿ ਅਸੀਂ ਕਿਸੇ ਹਾਲਤ ਵਿੱਚ ਵੀ ਪਰਮੇਸ਼ਵਰ ਦੀ ਕੋਈ ਸੂਰਤ ਨਾਂ ਬਣਾਈਏ[1]
ਅਤੇ ਜਿਸ ਤਰਾਂ ਉਸ ਨੇ ਆਪਣੀ ਬਾਣੀ ਵਿੱਚ ਸਾਨੂੰ ਹੁਕਮ ਦਿੱਤਾ ਹੈ,
ਉਸ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਨਾਲ ਉਸ ਦੀ ਬੰਦਗੀ ਨਾ ਕਰੀਏ[2]।

1 ਬਿਵਸਥਾ ਸਾਰ 4:15-19, ਯਸਾਯਾਹ 40:18-25, ਰਸੂਲਾਂ ਦੇ ਕਰੱਤਬ 17:29, ਰੋਮੀਆਂ 1:22-23
2 ਲੇਵੀਆਂ 10:1-7, ਪਹਿਲਾ ਸਮੂਏਲ 15:22-23, ਯੂਹੰਨਾ 4:23-24

**ਸਵਾਲ 97 ਕੀ ਫਿਰ ਅਸੀਂ ਬਿਲਕੁੱਲ ਕੋਈ ਵੀ ਮੂਰਤ ਨਹੀਂ ਬਣਾ ਸਕਦੇ ?**

**ਉੱਤਰ** ਪਰਮੇਸ਼ਵਰ ਨੂੰ ਕਿਸੇ ਵਿਚ ਵਿਖਾਈ ਦੇਣ ਵਾਲੀ
ਵਸਤੂ ਦੀ ਸੂਰਤ ਵਿੱਚ ਬਿਲਕੁੱਲ ਉਲੀਕੀਆਂ ਨਹੀਂ ਜਾ ਸਕਦਾ।

ਭਾਂਵੇ ਪ੍ਰਾਣੀਆਂ ਦੀਆਂ ਮੂਰਤਾਂ ਬਣਾਈਆਂ ਜਾ ਸਕਦੀਆਂ ਹਨ
ਪਰ ਫਿਰ ਵੀ ਇਹੋ ਜਿਹੀਆਂ ਮੂਰਤਾਂ ਨੂੰ ਪੂਜਾ ਕਰਨ ਦਾ ਇਰਾਦਾ
ਰੱਖਣ ਜਾਂ ਉਹਨਾਂ ਦੇ ਰਾਹੀਂ ਪਰਮੇਸ਼ਵਰ ਦੀ ਸੇਵਾ ਕਰਨ ਲਈ ਰੱਖਣਾ
ਜਾਂ ਬਣਾਉਣਾ ਮਨ੍ਹਾ ਹੈ[1]।

1 ਕੂਚ 34:13-14, 17, ਦੂਸਰਾ ਰਾਜਿਆਂ 18:4-5

**ਸਵਾਲ 98 ਪਰ ਕੀ ਕਲੀਸੀਆਈ ਭਵਨਾਂ ਦੇ ਅੰਦਰ ਨਾਂ ਸਿਖਿਆ ਪਾਏ ਹੋਏ ਲੋਕਾਂ ਨੂੰ ਸਿਖਾਉਣ ਦੇ ਲਈ ਸਹਾਇਕ ਸਮੱਗਰੀ ਵਜੋਂ ਇਹਨਾਂ ਮੂਰਤਾਂ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ ?**

**ਉੱਤਰ** ਨਹੀਂ! ਸਾਨੂੰ ਪਰਮੇਸ਼ਵਰ ਨਾਲੋਂ ਜ਼ਿਆਦਾ ਬੁੱਧੀਮਾਨ
ਹੋਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।
ਪਰਮੇਸ਼ਵਰ ਚਾਹੁੰਦਾ ਹੈ ਕਿ ਉਸ ਦੇ ਲੋਕਾਂ ਨੂੰ
ਉਸ ਦੀ ਜ਼ਿੰਦਾ ਪ੍ਰਚਾਰ ਕਰਨ ਵਾਲੀ ਬਾਣੀ ਦੇ ਦੁਆਰਾ ਸਿਖਾਇਆ ਜਾਵੇ[1] –
ਨਾ ਕਿ ਬੁੱਤਾਂ ਦੇ ਦੁਆਰਾ ਜੋ ਬੋਲ ਵੀ ਨਹੀਂ ਸਕਦੇ2।

1 ਰੋਮੀਆਂ 10:14-15, 17, ਦੂਸਰਾ ਤਿਮੋਥਿਉਸ 3:16-17, ਦੂਸਰਾ ਪਤਰਸ 1:19
2 ਯਿਰਮਿਯਾਹ 10:8, ਹਬੱਕੂਕ 2:18-20

## ਪ੍ਰਭੂ ਦਾ 36ਵਾਂ ਦਿਨ

**ਸਵਾਲ 99 ਤੀਸਰੇ ਹੁਕਮ ਵਿੱਚ ਪ੍ਰਭੂ ਦੀ ਸਾਡੇ ਵਾਸਤੇ ਕੀ ਇੱਛਾ ਹੈ ?**

**ਉੱਤਰ** ਇਹ ਕਿ ਅਸੀਂ ਨਾ ਪਰਮੇਸ਼ਵਰ ਦੇ ਨਾਮ ਦੀ ਨਿੰਦਾ ਕਰੀਏ ਅਤੇ
ਨਾਂ ਹੀ ਵਿਅਰਥ ਉਸ ਦਾ ਨਾਂ ਲਈਏ।
ਅਜਿਹਾ ਸਰਾਪ ਦੇਣਾ[1], ਝੂਠੀ ਸਹੁੰ ਖਾਣ[3], ਗਲਤ ਬਿਆਨ[2]
ਦੇਣ ਨਾਲ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਨਾਂ ਹੀ ਚੁੱਪ ਚਾਪ
ਖੜ੍ਹੇ ਰਹਿ ਕੇ ਇਹੋ ਜਿਹੇ ਭਿਆਨਕ ਪਾਪਾਂ ਵਿੱਚ ਸ਼ਰੀਕ ਹੋਣਾ ਚਾਹੀਦਾ ਹੈ[4]।

ਮੁਕਦੀ ਗੱਲੀ ਇਹ ਕਿ,
ਇਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਸੀਂ ਪਰਮੇਸ਼ਵਰ ਦਾ ਪਵਿੱਤਰ ਨਾਂ
ਸਿਰਫ ਆਦਰ ਨਾਲ ਅਤੇ ਡਰਦੇ ਹੀ ਲਈਏ[5]
ਤਾਂ ਕਿ ਅਸੀਂ ਉਚਿੱਤ ਢੰਗ ਨਾਲ ਉਸ ਦਾ ਇਕਰਾਰ ਕਰੀਏ[6],
ਉਸ ਅੱਗੇ ਅਰਦਾਸ ਕਰੀਏ[7]
ਅਤੇ ਅਸੀਂ ਜੋ ਕੁੱਝ ਵੀ ਕਰਦੇ ਅਤੇ ਆਖਦਾ ਹਾਂ,
ਹਰ ਗੱਲ ਵਿੱਚ ਉਸ ਦੀ ਉਸਤਤਿ ਕਰੀਏ[8]।

1 ਲੇਵੀਆਂ 24:10-17
2 ਲੇਵੀਆਂ 19:12
3 ਮੱਤੀ 5:37, ਯਾਕੂਬ 5:12
4 ਲੇਵੀਆਂ 5:1, ਕਹਾਉਤਾਂ 29:24
5 ਜ਼ਬੂਰ 99:1-5, ਯਿਰਮਿਯਾਹ 4:2
6 ਮੱਤੀ 10:32-33, ਰੋਮੀਆਂ 10:9-10
7 ਜ਼ਬੂਰ 50:14-15, ਪਹਿਲਾ ਤਿਮੋਥਿਉਸ 2:8
8 ਕੁਲੁਸੀਆਂ 3:17

**ਸਵਾਲ 100 ਕੀ ਸਰਾਪ ਦੇਣ ਅਤੇ ਸਹੁੰ ਖਾਣ ਦੁਆਰਾ ਪਰਮੇਸ਼ਵਰ ਦੇ ਨਾਮ ਦੀ ਨਿੰਦਾ ਕਰਨਾ ਸੱਚਮੁੱਚ ਇੰਨਾ ਜ਼ਿਆਦਾ ਭਿਆਨਕ ਪਾਪ ਹੈ ਕਿ ਪਰਮੇਸ਼ਵਰ ਉਹਨਾਂ ਨਾਲ ਵੀ ਨਾਰਾਜ ਹੈ ਜੋ ਸੱਭ ਕੁੱਝ ਨਹੀਂ ਕਰਦੇ ਜੋ ਉਹ ਇਸ ਤੋਂ ਬਚਣ ਅਤੇ ਇਸ ਤੋਂ ਵਰਜਣ ਵਿੱਚ ਮੱਦਦ ਕਰ ਸਕਦੇ ਹਨ ?**

**ਉੱਤਰ** ਜੀ ਹਾਂ, ਸੱਚਮੁੱਚ[1]।
ਕੋਈ ਵੀ ਪਾਪ,
ਪਰਮੇਸ਼ਵਰ ਦੇ ਨਾਮ ਦੀ ਨਿੰਦਾ ਕਰਨ ਨਾਲੋਂ ਵੱਡਾ ਨਹੀਂ
ਅਤੇ ਨਾਂ ਹੀ ਕੋਈ ਪਾਪ ਪਰਮੇਸ਼ਵਰ ਨੂੰ
ਇਸ ਨਾਲੋਂ ਜ਼ਿਆਦਾ ਨਾਰਾਜ ਕਰਦਾ ਹੈ।
ਇਸੇ ਕਰਕੇ ਹੀ ਪਰਮੇਸ਼ਵਰ ਨੇ ਇਸ ਪਾਪ ਲਈ
ਸਜ਼ਾ-ਏ-ਮੌਤ ਦਾ ਹੁਕਮ ਦਿੱਤਾ ਸੀ[2]।

1 ਲੇਵੀਆਂ 5:1
2 ਲੇਵੀਆਂ 24:10-17



## ਪ੍ਰਭੂ ਦਾ 37ਵਾਂ ਦਿਨ

**ਸਵਾਲ 101 ਪਰ ਜੇਕਰ ਅਸੀਂ ਅਜਿਹਾ ਸਤਿਕਾਰ ਵਜੋਂ ਕਰਦੇ ਹਾਂ ਤਕ ਕੀ ਅਸੀਂ ਪਰਮੇਸ਼ਵਰ ਦੇ ਨਾਮ ਵਿੱਚ ਸਹੁੰ ਖਾ ਸਕਦੇ ਹਾਂ ?**

**ਉੱਤਰ** ਜੀ ਹਾਂ ! ਜਦੋਂ ਸਰਕਾਰ ਇਸ ਦੀ ਮੰਗ ਕਰੇ
ਜਾਂ ਫਿਰ ਜਦੋਂ ਜ਼ਰੂਰਤ ਵਜੋਂ ਇਸ ਦੀ ਲੋੜ ਹੋਵੇ।
ਪਰਮੇਸ਼ਵਰ ਦੀ ਮਹਿਮਾ ਅਤੇ ਆਪਣੇ ਗਵਾਂਢੀ ਦੇ ਭਲੇ ਲਈ
ਤਾਂ ਕਿ ਸੱਚਾਈ ਅਤੇ ਵਿਸ਼ਵਾਸ ਯੋਗਤਾ ਬਰਕਰਾਰ ਰੱਖੀ ਜਾਵੇ
ਅਤੇ ਇਹ ਉੱਨਤੀ ਪਾਵੇ।

ਇਹੋ ਜਿਹੀਆਂ ਸਹੁੰਆਂ ਨੂੰ ਪਰਮੇਸ਼ਵਰ ਦੇ ਬਚਨ ਵਿੱਚ ਮਾਨਤਾ ਦਿੱਤੀ ਗਈ ਹੈ[1]
ਅਤੇ ਇਹਨਾਂ ਦਾ ਇਸਤੇਮਾਲ ਪੁਰਾਣੇ ਅਤੇ ਨਵੇਂ ਨੇਮ ਦੇ ਵਿਸ਼ਵਾਸੀਆਂ
ਦੁਆਰਾ ਠੀਕ ਤੌਰ ਤੇ ਕੀਤਾ ਗਿਆ ਹੈ[2]।

1 ਬਿਵਸਥਾ ਸਾਰ 6:13, 10:20, ਯਿਰਮਿਯਾਹ 4:1-2, ਇਬਰਾਨੀਆਂ 6:16
2 ਉਤਪੱਤ 21:24, ਯਹੋਸ਼ੁਆ 9:15, ਪਹਿਲਾ ਰਾਜਿਆਂ 1:29-30, ਰੋਮੀਆਂ 1:9, ਦੂਸਰਾ ਕੁਰਿੰਥੀਆਂ 1:23

**ਸਵਾਲ 102 ਕੀ ਅਸੀਂ ਸੰਤਾਂ ਜਾਂ ਦੂਸਰੇ ਪ੍ਰਾਣੀਆਂ ਦੇ ਨਾਂ ਵਿੱਚ ਸਹੁੰ ਖਾ ਸਕਦੇ ਹਾਂ ?**

**ਉੱਤਰ** ਨਹੀ!
ਇੱਕ ਜ਼ਾਇਜ਼ ਸਹੁੰ ਦਾ ਅਰਥ ਪਰਮੇਸ਼ਵਰ ਨੂੰ ਇਸ ਤਰਾਂ ਪੁਕਾਰਨਾ ਹੁੰਦਾ ਹੈ,
ਜੋ ਕਿ ਮੇਰੇ ਦਿੱਲ ਨੂੰ ਜਾਣਦਾ ਹੈ।
ਸਹੁੰ ਮੇਰੀ ਆਪਣੀ ਸੱਚਾਈ ਦੀ ਗਵਾਹੀ ਦੇਣ ਵਾਸਤੇ
ਅਤੇ ਜੇਕਰ ਮੈਂ ਝੂਠੀ ਸਹੁੰ ਚੁੱਕਾਂ ਤਾਂ ਮੈਨੂੰ ਸਜ਼ਾ ਦੇਣ ਵਾਸਤੇ ਖਾਧੀ ਜਾਂਦੀ ਹੈ[1]।
ਕੋਈ ਵੀ ਪ੍ਰਾਣੀ ਇਹੋ ਜਿਹੇ ਆਦਰ ਦੇ ਯੋਗ ਨਹੀਂ ਹੈ[2]।

1 ਰੋਮੀਆਂ 9:1, ਦੂਸਰਾ ਕੁਰਿੰਥੀਆਂ 1:23
2 ਮੱਤੀ 5:34-37, 23:16-22, ਯਾਕੂਬ 5:12

**ਸਵਾਲ 103 ਚੌਥੇ ਹੁਕਮ ਵਿੱਚ ਆਪ ਲਈ ਪਰਮੇਸ਼ਵਰ ਦੀ ਇੱਛਾ ਕੀ ਹੈ ?**

**ਉੱਤਰ** ਪਹਿਲੀ ਇਹ ਕਿ,
ਖ਼ੁਸ਼ਖਬਰੀ ਦੀ ਪ੍ਰਚਾਰ ਦੀ ਸੇਵਾ ਅਤੇ ਇਸ ਦੀ ਸਿੱਖਿਆ
ਨੂੰ ਬਰਕਰਾਰ ਰੱਖਿਆ ਜਾਵੇ[1],
ਅਤੇ ਇਹ ਕਿ ਵਿਸ਼ਰਾਮ ਦੇ ਪਰਬ ਦਿਨ ਨੂੰ ਖਾਸ ਤੌਰ
ਤੇ ਮੈਂ ਪਰਮੇਸ਼ਵਰ ਦੀ ਸਭਾ ਵਿੱਚ ਲਗਾਤਾਰ ਜਾਵਾਂ[2]।
ਇਹ ਸਿੱਖਣ ਵਾਸਤੇ ਕਿ ਪਰਮੇਸ਼ਵਰ ਦੀ ਬਾਣੀ ਕੀ ਸਿਖਾਉਂਦੀ ਹੈ[3],
ਕਿਰਪਾ ਦੇ ਵਸੀਲਿਆਂ ਵਿੱਚ ਸ਼ਰੀਕ ਹੋਣ ਵਾਸਤੇ[4],
ਸਰਬਜਨਕ ਤੌਰ ਤੇ ਪਰਮੇਸ਼ਵਰ ਅੱਗੇ ਪ੍ਰਾਰਥਨਾ ਕਰਨ ਵਾਸਤੇ[5]
ਅਤੇ ਗਰੀਬਾਂ ਵਾਸਤੇ ਮਸੀਹੀ ਭੇਟਾਂ ਲਿਆਉਣ ਵਾਸਤੇ[6]।

ਦੂਸਰਾ ਇਹ ਕਿ,
ਮੈਂ ਆਪਣੇ ਜੀਉਣ ਦੇ ਹਰੇਕ ਦਿਨ
ਆਪਣੇ ਬੁਰੇ ਰਾਹਾਂ ਤੋਂ ਦੂਰ ਰਹਾਂ,
ਪ੍ਰਭੂ ਨੂੰ ਉਸ ਦੇ ਆਤਮਾ ਦੇ ਰਾਹੀਂ
ਆਪਣੇ ਆਪ ਵਿੱਚ ਕਾਰਜ ਕਰਨ ਦਿਆਂ
ਅਤੇ ਇਸ ਤਰਾਂ ਅਬਦੀ ਸਬਤ ਦਾ ਇਸ
ਜੀਵਨ ਵਿੱਚ ਪਹਿਲਾਂ ਹੀ ਆਰੰਭ ਕਰਾਂ[7]।

1 ਬਿਵਸਥਾ ਸਾਰ 6:4-9, 20-25, ਪਹਿਲਾ ਕੁਰਿੰਥੀਆਂ 9:13-14, ਦੂਸਰਾ ਤਿਮੋਥਿਉਸ 2:2, 3:13-17, ਤੀਤੁਸ 1:5
2 ਬਿਵਸਥਾ ਸਾਰ 12:5-12, ਜ਼ਬੂਰ 40:9-10, 68:26, ਰਸੂਲਾਂ ਦੇ ਕਰਤਬ 2:42-47, ਇਬਰਾਨੀਆਂ 10:23-25
3 ਰੋਮੀਆਂ 10:14-17, ਪਹਿਲਾ ਕੁਰਿੰਥੀਆ 14:31-32, ਪਹਿਲਾ ਤਿਮੋਥਿਉਸ 4:13
4 ਪਹਿਲਾ ਕੁਰਿੰਥੀਆਂ 11:23-25
5 ਕੁਲੁਸੀਆਂ 3:16, ਪਹਿਲਾ ਤਿਮੋਥਿਉਸ 2:1, ਦੂਸਰਾ ਕੁਰਿੰਥੀਆਂ 8 ਅਤੇ 9 ਅਧਿਆਇ।
6 ਜ਼ਬੂਰ 50:14, ਪਹਿਲਾ ਕੁਰਿੰਥੀਆਂ 16:2, ਦੂਸਰਾ ਕੁਰਿੰਥੀਆਂ 8 ਅਤੇ 9 ਅਧਿਆਇ।
7 ਯਸਾਯਾਹ 66:23, ਇਬਰਾਨੀਆਂ 4:9-11



## ਪ੍ਰਭੂ ਦਾ 39ਵਾਂ ਦਿਨ

**ਸਵਾਲ 104 ਪੰਜਵੇਂ ਹੁਕਮ ਵਿੱਚ ਆਪ ਲਈ ਪਰਮੇਸ਼ਵਰ ਦੀ ਇੱਛਾ ਕੀ ਹੈ ?**

**ਉੱਤਰ** ਇਹ ਕਿ ਮੈਂ ਆਪਣੇ ਪਿਤਾ ਅਤੇ ਮਾਤਾ ਅਤੇ
ਉਨ੍ਹਾਂ ਸਾਰਿਆਂ ਦਾ ਜੋ ਮੇਰੇ ਉੱਤੇ ਅਧਿਕਾਰ ਰੱਖਦੇ ਹਨ,
ਆਦਰ ਕਰਾਂ, ਉਹਨਾਂ ਨੂੰ ਪਿਆਰ ਕਰਾਂ ਅਤੇ ਉਨ੍ਹਾਂ ਦੇ ਪ੍ਰਤੀ ਵਫ਼ਾਦਾਰ ਰਹਾਂ।
ਜਿਸ ਤਰਾਂ ਕਿ ਉਚਿਤ ਹੈ,
ਜਦੋਂ ਉਹ ਮੈਨੂੰ ਸੁਧਾਰਨ ਅਤੇ ਸਜਾ ਦੇਣ ਤਦ
ਮੈਂ ਉਨ੍ਹਾਂ ਦਾ ਆਗਿਆਪਾਲਣ ਕਰਾਂ ਅਤੇ ਉਹਨਾਂ ਦੇ ਅਧੀਨ ਰਹਾਂ[1]
ਅਤੇ ਇਹ ਕਿ ਮੈਂ ਉਹਨਾਂ ਦੀਆਂ ਅਸਫਲਤਾਵਾਂ ਦੇ ਨਾਲ ਧੀਰਜਵਾਨ ਰਹਾਂ[2]–
ਕਿਉਂਕਿ ਉਹਨਾਂ ਦੇ ਰਾਹੀਂ ਹੀ ਪਰਮੇਸ਼ਵਰ ਸਾਡੇ ਉੱਤੇ ਰਾਜ ਕਰਨ
ਦੀ ਇੱਛਾ ਰੱਖਦਾ ਹੈ[3]।

1 ਕੂਚ 21:17, ਕਹਾਉਤਾਂ 1:8, 4:1, ਰੋਮੀਆਂ 13:1-2, ਅਫਸੀਆਂ 5:21-22, 6:1-9, ਕੁਲੁਸੀਆਂ 3:18-4:1
2 ਕਹਾਉਤਾਂ 20:20, 23:22, ਪਹਿਲਾ ਪਤਰਸ 2:18

3 ਮੱਤੀ 22:21, ਰੋਮੀਆਂ 13:1-8, ਅਫਸੀਆਂ 6:1-9, ਕੁਲਸੀਆਂ 3:18-21

## ਪ੍ਰਭੂ ਦਾ 40ਵਾਂ ਦਿਨ

### ਸਵਾਲ 105 6ਵੇਂ ਹੁਕਮ ਵਿੱਚ ਆਪ ਲਈ ਪਰਮੇਸ਼ਵਰ ਦੀ ਇੱਛਾ ਕੀ ਹੈ ?

**ਉੱਤਰ** ਮੈਨੂੰ ਆਪਣੇ ਗੁਆਂਢੀ ਨੂੰ ਛੋਟਾ ਠਹਿਰਾਉਣ, ਉਸ ਦਾ ਅਪਮਾਨ ਕਰਨ, ਨਫਰਤ ਕਰਨ ਅਤੇ ਕਤਲ ਕਰਨ ਤੋਂ ਪਰ੍ਹੇ ਰਹਿਣਾ ਚਾਹੀਦਾ ਹੈ। ਇਥੋਂ ਤੱਕ ਕਿ ਆਪਣੀ ਸੋਚ, ਸ਼ਬਦ, ਨਜ਼ਰ ਜਾਂ ਇਸ਼ਾਰੇ ਅਤੇ ਅਸਲ ਕਾਰਜਾਂ ਦੁਆਰਾ ਵੀ ਅਜਿਹਾ ਬਿਲਕੁੱਲ ਨਹੀਂ ਕਰਨਾ ਚਾਹੀਦਾ - ਅਤੇ ਇਹੋ ਜਿਹੇ ਕੰਮਾਂ ਲਈ ਦੂਸਰਿਆਂ ਨਾਲ ਸ਼ਾਮਲ ਨਹੀਂ ਹੋਣਾ ਚਾਹੀਦਾ[1], ਬਲਕਿ ਬਦਲਾ ਲੈਣ ਦੀ ਸਾਰੀ ਖਾਹਿਸ਼ ਨੂੰ ਦੂਰ ਰੱਖਣਾ ਚਾਹੀਦਾ ਹੈ[2]।

ਮੈਨੂੰ ਜਲਦਬਾਜ਼ੀ ਵਿੱਚ ਆਪਣੇ ਆਪ ਨੂੰ ਨੁਕਸਾਨ ਨਹੀਂ ਪਹੁੰਚਾਣਾ ਚਾਹੀਦਾ ਅਤੇ ਨਾਂ ਹੀ ਖਤਰੇ ਵਿੱਚ ਪਾਉਣਾ ਚਾਹੀਦਾ ਹੈ[3]।

ਕਤਲ ਨੂੰ ਰੋਕਣ ਵਾਸਤੇ ਹੀ ਹੈ ਕਿ ਸਰਦਾਰ ਦੇ ਹੱਥ ਤਲਵਾਰ ਦਿੱਤੀ ਗਈ ਹੈ[4]।

1 ਉਤਪਤ 9:6, ਲੇਵੀਆਂ 19:17-18, ਮੱਤੀ 5:21-22, 26:52
2 ਕਹਾਉਤਾਂ 25:21-22, ਮੱਤੀ 18:35, ਰੋਮੀਆਂ 12:19, ਅਫਸੀਆਂ 4:26
3 ਮੱਤੀ 4:7, 26:52, ਰੋਮੀਆਂ 13:11-14
4 ਉਤਪਤ 9:6, ਕੂਚ 21:14, ਰੋਮੀਆਂ 13:4

### ਸਵਾਲ 106 ਕੀ ਇਹ ਹੁਕਮ ਸਿਰਫ ਖੂਨ ਕਰਨ ਦਾ ਜ਼ਿਕਰ ਹੀ ਕਰਦਾ ਹੈ ?

**ਉੱਤਰ** ਖੂਨ ਕਰਨ ਤੋਂ ਮਨ੍ਹਾਂ ਕਰਕੇ ਪਰਮੇਸ਼ਵਰ ਸਾਨੂੰ ਇਹ ਸਿਖਾਉਂਦਾ ਹੈ ਕਿ ਉਸ ਨੂੰ ਖੂਨ ਕਰਨ ਦੇ ਕਾਰਨ ਦੀ ਜੜ੍ਹ, ਨਾਲ ਨਫਰਤ ਹੈ ਭਾਵ ਵੈਰ, ਘਿਰਣਾ, ਕਰੋਧ ਅਤੇ ਬਦਲੇ ਦੀ ਭਾਵਨਾ ਨਾਲ[1]। ਪਰਮੇਸ਼ਵਰ ਦੀ ਨਜ਼ਰ ਵਿੱਚ ਇਹੋ ਜਿਹੇ ਸੱਭ ਕੰਮ ਖੂਨ ਕਰਨਾ ਹੀ ਹਨ[2]।

1 ਕਹਾਉਤਾਂ 14:30, ਰੋਮੀਆਂ 1:29, 12:19, ਗਲਾਤੀਆਂ 5:19-21, ਪਹਿਲਾ ਯੂਹੰਨਾ 2:9-11
2 ਪਹਿਲਾ ਯੂਹੰਨਾ 3:15

### ਸਵਾਲ 107 ਫਿਰ ਕੀ ਇਹੋ ਹੀ ਕਾਫੀ ਹੈ ਕਿ ਅਸੀਂ ਆਪਣੇ ਗਵਾਂਢੀ ਦਾ ਖੂਨ ਇਹੋ ਜਿਹੇ ਤਰੀਕੇ ਨਾਲ ਨਹੀਂ ਕਰਦੇ ?

**ਉੱਤਰ** ਨਹੀਂ!
ਵੈਰ, ਘਿਰਣਾ ਅਤੇ ਕਰੋਧ ਨੂੰ ਦੋਸ਼ੀ ਠਹਿਰਾਉਂਦਿਆਂ ਹੋਇਆਂ ਪਰਮੇਸ਼ਵਰ ਸਾਨੂੰ ਇਹ ਦੱਸਦਾ ਹੈ ਕਿ ਅਸੀਂ ਆਪਣੇ ਗਵਾਂਢੀਆਂ ਨੂੰ ਆਪਣੇ ਆਪ ਵਾਂਗ ਪਿਆਰ ਕਰੀਏ[1], ਉਹਨਾਂ ਨਾਲ ਧੀਰਜਵਾਨ, ਸ਼ਾਂਤੀ, ਪ੍ਰੇਮੀ, ਸਾਊ, ਤਰਸਵਾਨ ਅਤੇ ਦੋਸਤਾਨਾ ਸੰਬੰਧ ਰੱਖੀਏ[2], ਜਿੰਨਾ ਵੀ ਹੋ ਸਕੇ ਉਨਾਂ ਦੀ ਰੱਖਿਆ ਨੁਕਸਾਨ ਤੋਂ ਕਰੀਏ ਅਤੇ ਇੱਥੋਂ ਤੱਕ ਕਿ ਆਪਣੇ ਵੈਰੀਆਂ ਦੀ ਭੀ ਭਲਾਈ ਕਰੀਏ3।

1 ਮੱਤੀ 7:12, 22:39, ਰੋਮੀਆਂ 12:10
2 ਮੱਤੀ 5:3-12, ਲੂਕਾ 6:36, ਰੋਮੀਆਂ 12:10, 18, ਗਲਾਤੀਆਂ 6:1-2, ਅਫਸੀਆਂ 4:2, ਕੁਲਸੀਆਂ 3:12, ਪਹਿਲਾ ਪਤਰਸ 3:8



3 ਕੂਚ 23:4-5, ਮੱਤੀ 5:44-45, ਰੋਮੀਆਂ 12:20-21 (ਕਹਾਉਤਾਂ 25:21-22)

## ਪ੍ਰਭੂ ਦਾ 41ਵਾਂ ਦਿਨ

### ਸਵਾਲ 108 7ਵੇਂ ਹੁਕਮ ਵਿੱਚ ਪਰਮੇਸ਼ਵਰ ਦੀ ਇੱਛਾ ਸਾਡੇ ਵਾਸਤੇ ਕੀ ਹੈ ?

**ਉੱਤਰ** ਪਰਮੇਸ਼ਵਰ ਹਰ ਪ੍ਰਕਾਰ ਦੀ ਅਪਵਿੱਤਰਤਾ ਨੂੰ ਸਜ਼ਾ ਦਿੰਦਾ ਹੈ[1]। ਇਸ ਕਰਕੇ ਸਾਨੂੰ ਪੂਰੀ ਤਰਾਂ ਇਸ ਨਾਲ ਘਿਰਣਾ ਕਰਨੀ ਚਾਹੀਦੀ ਹੈ[2]। ਅਤੇ ਭਾਂਵੇ ਅਸੀਂ ਵਿਆਹੇ ਹੋਏ ਜਾਂ ਕੁਆਰੇ ਹੋਈਏ, ਸਾਨੂੰ ਸੁਸ਼ੀਲ ਅਤੇ ਪਵਿੱਤਰ ਜੀਵਨ ਬਿਤਾਉਣੇ ਚਾਹੀਦੇ ਹਨ[3]।

1 ਲੇਵੀਆਂ 18:30, ਅਫਸੀਆਂ 5:3-5
2 ਯਹੂਦਾਹ 22-23 ਆਇਤਾਂ।
3 ਪਹਿਲਾ ਕੁਰਿੰਥੀਆਂ 7:1-9, ਪਹਿਲਾ ਥੱਸੁਲੁਨੀਕੀਆਂ 4:3-8, ਇਬਰਾਨੀਆਂ 13:4

### ਸਵਾਲ 109 ਕੀ ਪਰਮੇਸ਼ਵਰ ਇਸ ਹੁਕਮ ਵਿੱਚ ਸਿਰਫ ਬਦਕਾਰੀ ਵਰਗੇ ਕਲੰਕਿਤ ਪਾਪਾਂ ਦੀ ਮਨਾਹੀ ਹੀ ਕਰਦਾ ਹੈ ?

**ਉੱਤਰ** ਅਸੀਂ ਆਪਣੀ ਦੇਹੀ ਅਤੇ ਜਾਨ ਸਮੇਤ ਪਵਿੱਤਰ ਆਤਮਾ ਦੇ ਮੰਦਰ ਹਾਂ ਅਤੇ ਪਰਮੇਸ਼ਵਰ ਚਾਹੁੰਦਾ ਹੈ ਕਿ ਇਹਨਾਂ ਦੋਹਾਂ ਨੂੰ ਪਵਿੱਤਰ ਅਤੇ ਸ਼ੁੱਧ ਰੱਖਿਆ ਜਾਵੇ। ਇਹੋ ਹੀ ਕਾਰਨ ਹੈ ਕਿ ਉਹ ਹਰ ਚੀਜ਼ ਦੀ ਮਨਾਹੀ ਕਰਦਾ ਹੈ ਜੋ ਅਪਵਿੱਤਰਤਾ ਨੂੰ ਉਕਸਾਉਂਦੀ ਹੈ[1]। ਇਹ ਭਾਵੇਂ ਕਾਰਜ, ਨਜ਼ਰਾਂ, ਗੱਲਾਂ ਕਰਨਾ, ਸੋਚਾਂ ਜਾਂ ਇੱਛਾਵਾਂ ਹੋਵੇ[2]।

1 ਪਹਿਲਾ ਕੁਰਿੰਥੀਆਂ 15:33, ਅਫਸੀਆਂ 5:18
2 ਮੱਤੀ 5:27-29, ਪਹਿਲਾ ਕੁਰਿੰਥੀਆਂ 6:18-20, ਅਫਸੀਆਂ 5:3-4

## ਪ੍ਰਭੂ ਦਾ 42 ਵਾਂ ਦਿਨ

### ਸਵਾਲ 110 8 ਵੇਂ ਹੁਕਮ ਵਿੱਚ ਪਰਮੇਸ਼ਵਰ ਕਿਸ ਚੀਜ਼ ਦੀ ਮਨਾਹੀ ਕਰਦਾ ਹੈ ?

**ਉੱਤਰ** ਪਰਮੇਸ਼ਵਰ ਮੁੱਖ ਤੌਰ ਤੇ ਚੋਰੀ ਅਤੇ ਡਕੈਤੀ ਦੀ ਮਨਾਹੀ ਹੀ ਨਹੀਂ ਕਰਦਾ ਜੋ ਕਿ ਕਾਨੂੰਨਨ ਦੰਡਯੋਗ ਹਨ[1]।

ਪਰ ਪਰਮੇਸ਼ਵਰ ਦੀ ਨਜ਼ਰ ਵਿੱਚ ਚੋਰੀ, ਧੋਖਾ ਦੇਣਾ
ਅਤੇ ਜਾਇਜ਼ ਨਜਰ ਆਉਣ ਵਾਲੀਆਂ ਸਕੀਮਾਂ ਦੇ ਦੁਆਰਾ
ਆਪਣੇ ਗੁਆਂਢੀ ਨਾਲ ਕਪਟ ਕਰਨਾ ਵੀ ਸ਼ਾਮਲ ਹੈ[2]।

ਜਿਵੇਂ ਕਿ :
ਨਾਪ ਤੋਲ, ਆਕਾਰ ਅਤੇ ਗਿਣਤੀ ਵਿੱਚ ਹੇਰਾਫੇਰੀ ਕਰਨਾ,
ਵਪਾਰ ਵਿੱਚ ਧੋਖੇਦੇਹੀ, ਨਕਲੀ ਪੈਸਿਆਂ ਦਾ ਲੈਣ ਦੇਣ,
ਵਿਆਜ਼ ਦੀ ਵੱਧ ਦਰ ਜਾਂ ਹੋਰ ਕੋਈ ਵੀ ਤਰੀਕਾ ਜਿਸ ਦੀ
ਕਿ ਪਰਮੇਸ਼ਵਰ ਦੁਆਰਾ ਮਨਾਹੀ ਕੀਤੀ ਗਈ ਹੋਵੇ[3]।

ਇਸ ਤੋਂ ਇਲਾਵਾ ਪਰਮੇਸ਼ਵਰ ਸਭ ਪਰਕਾਰ ਦੇ ਲੋਭ[4]
ਅਤੇ ਉਸ ਦੇ ਬਰਦਾਨਾਂ ਦੇ ਬਿਨਾਂ ਵਜਹ,
ਅੰਨ੍ਹੇਵਾਹ ਫਜ਼ੂਲ ਖਰਚੀ ਦੀ ਮਨਾਹੀ ਕਰਦਾ ਹੈ[5]।

1 ਕੂਚ 22:1, ਪਹਿਲਾ ਕੁਰਿੰਥੀਆਂ 5:9-10, 6:9-10
2 ਮੀਕਾਹ 6:9-11, ਲੂਕਾ 3:14, ਯਾਕੂਬ 5:1-6
3 ਬਿਵਸਥਾਸਾਰ 25:13-16, ਜ਼ਬੂਰ 15:5, ਕਹਾਉਤਾਂ 11:1, 12:22, ਹਿਜ਼ਕੀਏਲ 45:9-12, ਲੂਕਾ 6:35
4 ਲੂਕਾ 12:15, ਅਫਸੀਆਂ 5:5
5 ਕਹਾਉਤਾਂ 21:20, 23:20-21, ਲੂਕਾ 16:10-13

### ਸਵਾਲ 111 ਇਸ ਹੁਕਮ ਵਿੱਚ ਪਰਮੇਸ਼ਵਰ ਆਪ ਤੋਂ ਕੀ ਮੰਗ ਕਰਦਾ ਹੈ ?

**ਉੱਤਰ** ਇਹ ਕਿ ਮੇਰੇ ਗਵਾਂਢੀ ਦੇ ਭਲੇ ਲਈ ਜੋ ਵੀ
ਕਰ ਸਕਾਂ ਉਹ ਕਰਾਂ, ਜਿਸ ਤਰਾਂ ਕਿ ਮੈਂ ਚਾਹੁੰਦਾ ਹਾਂ
ਕਿ ਮੇਰੇ ਨਾਲ ਵਰਤਾਉ ਕਰਨ,
ਮੈਂ ਵੀ ਉਨ੍ਹਾਂ ਨਾਲ ਉਹੋ ਜਿਹਾ ਵਰਤਾਉ ਕਰਾਂ[2],
ਅਤੇ ਇਹ ਕਿ ਮੈਂ ਵਫਾਦਾਰੀ ਨਾਲ ਕੰਮ ਕਰਾਂ ਤਾਂ ਕਿ
ਮੈਂ ਜ਼ਰੂਰਤ ਮੰਦਾਂ ਨਾਲ ਵੰਡ ਸਕਾਂ[1]।

1 ਯਸਾਯਾਹ 58:5-10, ਮੱਤੀ 7:12, ਗਲਾਤੀਆਂ 6:9-10, ਅਫਸੀਆਂ 4:28



## ਪ੍ਰਭੂ ਦਾ 43 ਵਾਂ ਦਿਨ

### ਸਵਾਲ 112 9 ਵੇਂ ਹੁਕਮ ਵਿੱਚ ਮੇਰੇ ਵਾਸਤੇ ਪਰਮੇਸ਼ਵਰ ਦੀ ਕੀ ਇੱਛਾ ਹੈ ?

**ਉੱਤਰ** ਪਰਮੇਸ਼ਵਰ ਦੀ ਇੱਛਾ ਇਹ ਹੈ ਕਿ
ਮੈਂ ਕਦੇ ਵੀ ਕਿਸੇ ਦੇ ਵਿਰੁੱਧ ਝੂਠੀ ਗਵਾਹੀ ਨਾਂ ਦੇਵਾਂ,
ਕਿਸੇ ਦੇ ਵੀ ਸ਼ਬਦਾਂ ਦੀ ਤੋੜ ਮਰੋੜ ਨਾਂ ਕਰਾਂ,
ਕਿਸੇ ਦੀ ਨਿੰਦੀਆਂ ਜਾਂ ਚੁਗਲੀ ਨਾਂ ਕਰਾਂ,
ਬਿਨਾਂ ਕੰਨੀ ਸੁਣਿਆਂ ਜਾਂ ਬਿਨਾਂ ਕਿਸੇ ਉੱਚਿਤ ਕਾਰਨ
ਦੇ ਕਿਸੇ ਨੂੰ ਵੀ ਦੋਸ਼ੀ ਠਹਿਰਾਉਣ ਵਿੱਚ ਸ਼ਾਮਲ ਨਾਂ ਹੋਵਾਂ[1]।

ਬਲਕਿ ਅਦਾਲਤ ਵਿੱਚ ਜਾਂ ਹੋਰ ਸੱਭ ਥਾਵਾਂ ਤੇ ਵੀ ਮੈਨੂੰ
ਝੂਠ ਬੋਲਣ ਅਤੇ ਹਰ ਪ੍ਰਕਾਰ ਦੇ ਧੋਖੇ ਤੋਂ ਬਚਣਾ ਚਾਹੀਦਾ ਹੈ;
ਇਹ ਉਹ ਚਾਲਾਂ ਹਨ ਜਿਹਨਾਂ ਦੀ ਵਰਤੋਂ ਸ਼ੈਤਾਨ ਖੁਦ
ਕਰਦਾ ਹੈ ਅਤੇ ਉਹ ਮੇਰੇ ਉਤੇ ਪਰਮੇਸ਼ਵਰ ਦੇ ਵੱਡੇ ਕਰੋਧ ਨੂੰ ਲਿਆਉਣਗੀਆਂ[2]।

ਮੈਨੂੰ ਸੱਚਾਈ ਨੂੰ ਪਿਆਰ ਕਰਨਾ ਚਾਹੀਦਾ ਹੈ,
ਸਪੱਸ਼ਟ ਤੌਰ ਤੇ ਸੱਚ ਬੋਲਣਾ ਚਾਹੀਦਾ ਹੈ ਅਤੇ
ਖੁਲ੍ਹ ਕੇ ਇਸ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ[3],
ਅਤੇ ਮੈਂ ਜੋ ਕੁੱਝ ਵੀ ਆਪਣੇ ਗਵਾਂਢੀ ਦੇ ਨਾਮ ਦੀ ਉਨੱਤੀ
ਅਤੇ ਰੱਖਿਆ ਲਈ ਕਰ ਸਕਾਂ, ਉਹ ਮੈਨੂੰ ਕਰਨਾ ਚਾਹੀਦਾ ਹੈ[4]।

1 ਜ਼ਬੂਰ 15, ਕਹਾਉਤਾਂ 19:5, ਮੱਤੀ 7:1, ਲੂਕਾ 6:37, ਰੋਮੀਆਂ 1:28-32
2 ਲੇਵੀਆਂ 19:11-12, ਕਹਾਉਤਾਂ 12:22, 13:5, ਯੂਹੰਨਾ 8:44, ਪ੍ਰਕਾਸ਼ ਦੀ ਪੋਥੀ 21:8
3 ਪਹਿਲਾ ਕੁਰਿੰਥੀਆਂ 13:6, ਅਫਸੀਆਂ 4:25
4 ਪਹਿਲਾ ਪਤਰਸ 3:8-9, 4:8

## ਪ੍ਰਭੂ ਦਾ 44 ਵਾਂ ਦਿਨ

**ਸਵਾਲ 113 10 ਵੇਂ ਹੁਕਮ ਵਿੱਚ ਆਪ ਲਈ ਪਰਮੇਸ਼ਵਰ ਦੀ ਇੱਛਾ ਕੀ ਹੈ ?**

**ਉੱਤਰ** ਇਹ ਕਿ ਪਰਮੇਸ਼ਵਰ ਦੇ ਕਿਸੇ ਵੀ ਹੁਕਮ
ਦੇ ਵਿਰੁੱਧ ਮੇਰੇ ਦਿੱਲ ਵਿੱਚ ਛੋਟਾ ਜਿਹਾ ਵਿਚਾਰ
ਜਾਂ ਇੱਛਾ ਵੀ ਨਹੀਂ ਆਉਣੀ ਚਾਹੀਦੀ।
ਬਲਕਿ, ਆਪਣੇ ਪੂਰੇ ਦਿੱਲ ਨਾਲ ਮੈਨੂੰ ਪਾਪ ਨਾਲ
ਹਮੇਸ਼ਾ ਘਿਣ ਕਰਨੀ ਚਾਹੀਦੀ ਹੈ ਐ ਜੋ ਕੁੱਝ ਵੀ ਠੀਕ ਹੈ,
ਉਸੇ ਵਿੱਚ ਅੰਨਦਿਤ ਹੋਣਾ ਚਾਹੀਦਾ ਹੈ1।

1 ਜ਼ਬੂਰ 19:7-14, 139:23-24, ਰੋਮੀਆਂ 7:7-8

**ਸਵਾਲ 114 ਪਰ ਉਹ ਜੋ ਪਰਮੇਸ਼ਵਰ ਵੱਲ੍ਹ ਮੁੜ ਚੁੱਕੇ ਹਨ, ਕੀ ਉਹ ਇਹਨਾਂ ਹੁਕਮਾਂ ਦੀ ਸੰਪੂਰਨ ਪਾਲਣਾ ਕਰ ਸਕਦੇ ਹਨ ?**

**ਉੱਤਰ** ਨਹੀਂ !
ਇਸ ਜੀਵਨ ਵਿੱਚ ਸੱਭ ਤੋਂ ਵੱਧ ਪਵਿੱਤਰ
ਮਨੁੱਖ ਵੀ ਇਸ ਆਗਿਆਕਾਰੀ ਦੀ ਸਿਰਫ ਇੱਕ
ਛੋਟੀ ਜਿਹੀ ਸ਼ੁਰੂਆਤ ਹੀ ਰੱਖਦਾ ਹੈ[1]।

ਫਿਰ ਵੀ ਉਹ ਇਸ ਉਦੇਸ਼ ਦੀ ਪੂਰੀ-ਪੂਰੀ ਗੰਭੀਰਤਾ
ਨਾਲ ਉਹ ਸਿਰਫ ਕੁੱਝ ਕੁ ਹੀ ਨਹੀਂ,
ਬਲਕਿ ਪਰਮੇਸ਼ਵਰ ਦੇ ਸਾਰੇ ਹੁਕਮਾਂ ਦੇ ਅਨੁਸਾਰ
ਜੀਉਣਾ ਜ਼ਰੂਰ ਆਰੰਭ ਕਰਦੇ ਹਨ[2]।

1 ਉਪਦੇਸ਼ਕ ਦੀ ਪੋਥੀ 7:20, ਰੋਮੀਆਂ 7:14-15, ਪਹਿਲਾ ਕੁਰਿੰਥੀਆਂ 13:9, ਪਹਿਲਾ ਯੂਹੰਨਾ 1:8-10
2 ਜ਼ਬੂਰ 1:1-2, ਰੋਮੀਆਂ 7:22-25, ਫਿੱਲਿੱਪੀਆਂ 3:12-16

**ਸਵਾਲ 115 ਕੋਈ ਵੀ ਇਸ ਜੀਵਨ ਵਿੱਚ ਇਹਨਾਂ 10 ਹੁਕਮਾਂ ਦੀ ਪੂਰਨ ਤੌਰ ਤੇ ਪਾਲਨਾ ਨਹੀਂ ਕਰ ਸਕਦਾ, ਫਿਰ ਪਰਮੇਸ਼ਵਰ ਇਹ ਕਿਉਂ ਚਾਹੁੰਦਾ ਹੈ ਕਿ ਉਹਨਾਂ ਦਾ ਇੰਨਾ ਸਪੱਸ਼ਟ ਪਰਚਾਰ ਕੀਤਾ ਜਾਵੇ ?**

**ਉੱਤਰ** ਪਹਿਲਾਂ ਤਾਂ ਇਸ ਕਰਕੇ ਕਿ
ਜਿੰਨਾ ਜ਼ਿਆਦਾ ਲੰਬਾ ਅਰਸਾ ਅਸੀਂ ਜੀਉਂਦੇ ਹਾਂ,
ਉੱਨਾਂ ਹੀ ਜ਼ਿਆਦਾ ਅਸੀਂ ਆਪਣੇ ਅਪਰਾਧ ਵਾਰੇ ਜਾਣ
ਸਕੀਏ ਅਤੇ ਉੱਨਾਂ ਹੀ ਜ਼ਿਆਦਾ ਪਾਪਾਂ ਦੀ ਮਾਫੀ ਅਤੇ
ਧਾਰਮਿਕਤਾ ਵਾਸਤੇ ਮਸੀਹ ਵੱਲ੍ਹ ਤੱਕ ਸਕੀਏ[1]।

ਦੂਸਰਾ ਇਸ ਕਰਕੇ, ਤਾਂ ਕਿ ਜਦੋਂ ਅਸੀਂ ਪਰਮੇਸ਼ਵਰ
ਅੱਗੇ ਪਵਿੱਤਰ-ਆਤਮਾ ਦੀ ਕਿਰਪਾ ਵਾਸਤੇ ਪ੍ਰਾਰਥਨਾ ਕਰੀਏ,
ਤਦ ਅਸੀਂ ਕਦੇ ਵੀ ਪਰਮੇਸ਼ਵਰ ਦੇ ਸਰੂਪ ਅਨੁਸਾਰ
ਜ਼ਿਆਦਾ ਤੋਂ ਜ਼ਿਆਦਾ ਨਵਾਂ ਜੀਵਨ ਪਾਉਣ ਲਈ ਜੱਦੋ-ਜ਼ਹਿਦ ਕਰਨੀ ਨਾਂ ਛੱਡੀਏ,
ਜਦੋਂ ਤੱਕ ਇਸ ਜੀਵਨ ਤੋਂ ਬਾਅਦ ਅਸੀਂ ਆਪਣੇ ਨਿਸ਼ਾਨੇ
ਉੱਤੇ ਨਹੀਂ ਪਹੁੰਚ ਜਾਂਦੇ ਜੋ ਸੰਪੂਰਨਤਾ ਹੈ[2]।

1 ਜ਼ਬੂਰ 32:5, ਰੋਮੀਆਂ 3:19-26, 7:7, 24-25, ਪਹਿਲਾ ਯੂਹੰਨਾ 1:9
2 ਪਹਿਲਾ ਕੁਰਿੰਥੀਆਂ 9:24, ਫਿੱਲਿੱਪੀਆਂ 3:12-14, ਪਹਿਲਾ ਯੂਹੰਨਾ 3:1-3



## ਪ੍ਰਭੂ ਦਾ 45ਵਾਂ ਦਿਨ

**ਸਵਾਲ 116 ਮਸੀਹੀ ਲੋਕਾਂ ਨੂੰ ਪ੍ਰਾਰਥਨਾ ਕਰਨ ਦੀ ਕਿਉਂ ਲੋੜ ਹੈ ?**

**ਉੱਤਰ** ਕਿਉਂਕਿ ਪ੍ਰਾਰਥਨਾ, ਧੰਨਵਾਦ ਦਾ ਉਹ ਮਹੱਤਵਪੂਰਨ ਭਾਗ ਹੈ,
ਜੋ ਪਰਮੇਸ਼ਵਰ ਸਾਥੋਂ ਮੰਗਦਾ ਹੈ[1]।

ਅਤੇ ਇਸ ਕਰਕੇ ਵੀ ਕਿਉਂਕਿ ਪਰਮੇਸ਼ਵਰ ਉਸ ਦੀ
ਕਿਰਪਾ ਅਤੇ ਪਵਿੱਤਰ ਆਤਮਾ ਸਿਰਫ ਉਹਨਾਂ ਨੂੰ ਦਿੰਦਾ ਹੈ
ਜੋ ਲਗਾਤਾਰ ਪ੍ਰਾਰਥਨਾ ਕਰਦੇ ਅਤੇ ਪਰਮੇਸ਼ਵਰ ਤੋਂ
ਇਹਨਾਂ ਬਰਦਾਨਾਂ ਲਈ ਮੰਗਦੇ ਹੋਏ ਅੰਦਰੂਨੀ ਤੌਰ ਤੇ
ਹਾਉਕੇ ਭਰਦੇ ਹਨ ਅਤੇ ਉਹਨਾਂ ਵਾਸਤੇ ਪਰਮੇਸ਼ਵਰ ਦਾ ਧੰਨਵਾਦ ਕਰਦੇ ਹਨ[2]।

1 ਜ਼ਬੂਰ 50:14-15, 116:12-19, ਪਹਿਲਾ ਥੱਸੁਲੁਨੀਕੀਆਂ 5:16-18
2 ਮੱਤੀ 7:7-8, ਲੂਕਾ 11:9-13

**ਸਵਾਲ 117 ਪਰਮੇਸ਼ਵਰ ਅਸਾਡੇ ਕੋਲੋਂ ਕਿਸ ਤਰਾਂ ਚਾਹੁੰਦਾ ਹੈ ਕਿ ਅਸੀਂ ਪ੍ਰਾਰਥਨਾ ਕਰੀਏ ਤਾਂ ਕਿ ਉਹ ਸਾਡੀ ਸੁਣ ਲਵੇਗਾ ?**

**ਉੱਤਰ** ਸੱਭ ਤੋਂ ਪਹਿਲਾਂ? ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਦਿਲੋਂ
ਇੱਕੋ ਇੱਕ ਸੱਚੇ ਪਰਮੇਸ਼ਵਰ ਤੋਂ ਇਲਾਵਾ ਹੋਰ ਕਿਸੇ ਅੱਗੇ ਪ੍ਰਾਰਥਨਾ
ਨਾਂ ਕਰੀਏ ਜਿਸ ਨੇ ਆਪਣੀ ਬਾਣੀ ਵਿੱਚ ਆਪਣੇ ਆਪ ਨੂੰ ਪ੍ਰਕਾਸ਼ਿਤ ਕੀਤਾ ਹੈ।
ਅਸੀਂ ਉਸ ਕੋਲੋਂ ਹਰੇਕ ਚੀਜ਼ ਮੰਗੀਏ ਜੋ ਉਸ ਨੇ ਸਾਨੂੰ ਮੰਗਣ ਦਾ ਹੁਕਮ ਦਿੱਤਾ ਹੈ[1]।

ਦੂਸਰੇ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਜ਼ਰੂਰਤ
ਅਤੇ ਕਸ਼ਟ ਨੂੰ ਉਸ ਅੱਗੇ ਮੰਨ ਲਈਏ ਅਤੇ ਕੁੱਝ ਵੀ ਛੁਪਾਈਏ
ਨਾਂ ਅਤੇ ਆਪਣੇ ਆਪ ਨੂੰ ਉਸ ਦੀ ਸ਼ਾਨ ਵਾਲੀ ਹਜ਼ੂਰੀ ਵਿੱਚ ਦੀਨ ਕਰੀਏ[2]।

ਤੀਸਰਾ, ਇਹ ਕਿ ਅਸੀਂ ਇਸ ਨਾਂ ਹਿਲਾਈ ਜਾਂ ਸਕਣ ਵਾਲੀ
ਨੀਂਹ ਉੱਤੇ ਵਿਸ਼ਰਾਮ ਪਾਈਏ ਭਾਵੇਂ ਅਸੀਂ ਇਸ ਦੇ ਯੋਗ ਤਾਂ ਨਹੀਂ ਹਾਂ,
ਫਿਰ ਵੀ ਪਰਮੇਸ਼ਵਰ ਸੱਚਮੁੱਚ ਸਾਡੀ ਪ੍ਰਾਰਥਨਾ ਮਸੀਹ,
ਸਾਡੇ ਪ੍ਰਭੂ ਦੇ ਕਰਕੇ ਸੁਣ ਲਵੇਗਾ।

ਇਹੋ ਹੀ ਹੈ ਜੋ ਉਸ ਨੇ ਆਪਣੀ ਬਾਣੀ ਵਿੱਚ ਸਾਡੇ ਨਾਲ ਵਾਇਦਾ ਕੀਤਾ ਹੈ[3]।

1 ਜ਼ਬੂਰ 145:18-20, ਯੂਹੰਨਾ 4:22-24, ਰੋਮੀਆਂ 8:26-27, ਯਾਕੂਬ 1:5, 1 ਯੂਹੰਨਾ 5:14-15
2 ਦੂਸਰਾ ਇਤਿਹਾਸ 7:14, ਜ਼ਬੂਰ 2:11, 34:18, 62:8, ਯਸਾਯਾਹ 66:2, ਪ੍ਰਕਾਸ਼ ਦੀ ਪੋਥੀ 4
3 ਦਾਨੀਏਲ 9:17-19, ਮੱਤੀ 7:8, ਯੂਹੰਨਾ 14:13-14, 16:23, ਰੋਮੀਆਂ 10:13, ਯਾਕੂਬ 1:6

**ਸਵਾਲ 118 ਪਰਮੇਸ਼ਵਰ ਨੇ ਸਾਨੂੰ ਕਿਸ ਚੀਜ਼ ਵਾਸਤੇ ਪ੍ਰਾਰਥਨਾ ਕਰਨ ਦਾ ਹੁਕਮ ਦਿੱਤਾ ਸੀ ?**

**ਉੱਤਰ** ਆਤਮਿਕ ਅਤੇ ਭੌਤਿਕ ਤੌਰ ਤੇ ਹਰੇਕ ਚੀਜ਼ ਵਾਸਤੇ,
ਜਿਸ ਦੀ ਸਾਨੂੰ ਜ਼ਰੂਰਤ ਹੈ[1],
ਜਿਸ ਤਰਾਂ ਕਿ ਮਸੀਹ ਸਾਡੇ ਪ੍ਰਭੂ ਨੇ ਖੁਦ ਆਪਣੀ
ਪ੍ਰਾਰਥਨਾ ਵਿੱਚ ਰੁੱਝੇ ਹੋਇਆਂ ਸਾਨੂੰ ਸਿਖਾਇਆ ਸੀ।

1 ਯਾਕੂਬ 1:7, ਮੱਤੀ 6:33

## ਸਵਾਲ 119 ਇਹ ਪ੍ਰਾਰਥਨਾ ਕਿਹੜੀ ਹੈ ?

ਉੱਤਰ ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈ1,
ਤੇਰਾ ਨਾਮ ਪਾਕ ਮੰਨਿਆ ਜਾਵੇ,
ਤੇਰਾ ਰਾਜ ਆਵੇ,
ਤੇਰੀ ਮਰਜੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ,
ਜ਼ਮੀਨ ਉੱਤੇ ਵੀ ਹੋਵੇ।
ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦੇਹ,
ਅਤੇ ਸਾਡੇ ਕਰਜ਼ ਸਾਨੂੰ ਮਾਫ ਕਰ,
ਜਿਵੇਂ ਅਸਾਂ ਵੀ ਆਪਣੇ ਕਰਜ਼ਾਈਆਂ ਨੂੰ ਮਾਫ ਕੀਤਾ ਹੈ;
ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ,
ਸਗੋਂ ਬੁਰਿਆਈ ਤੋਂ ਬਚਾ,
ਕਿਉਂ ਜੋ, ਰਾਜ ਅਤੇ ਸਮੱਰਥਾ ਅਤੇ ਮਹਿਮਾ ਸਦਾ ਤੇਰੀ ਹੀ ਹੈ।
ਆਮੀਨ[1]।

1 ਮੱਤੀ 6:9-13, ਲੂਕਾ 11:2-4



# ਪ੍ਰਭੂ ਦਾ 46 ਵਾਂ ਦਿਨ

## ਸਵਾਲ 120 ਮਸੀਹ ਨੇ ਸਾਨੂੰ, ਪਰਮੇਸ਼ਵਰ ਨੂੰ, "ਸਾਡਾ ਪਿਤਾ" ਆਖਣ ਦਾ ਹੁਕਮ ਕਿਉਂ ਦਿੱਤਾ ਸੀ ?

ਉੱਤਰ ਸਾਡੀ ਪ੍ਰਾਰਥਨਾ ਦੇ ਠੀਕ ਸ਼ੁਰੂ ਵਿੱਚ,
ਮਸੀਹ ਸਾਡੇ ਅੰਦਰ ਉਹ ਜੋਸ਼ ਭਰਨਾ ਚਾਹੁੰਦਾ ਹੈ,
ਜੋ ਕਿ ਸਾਡੀ ਪ੍ਰਾਰਥਨਾ ਦਾ ਆਧਾਰ ਹੈ-

ਬੱਚਿਆਂ ਵਰਗਾ ਭਰੋਸਾ ਅਤੇ ਭੈ,
ਕਿ ਮਸੀਹ ਦੇ ਰਾਹੀਂ ਪਰਮੇਸ਼ਵਰ ਸਾਡਾ ਪਿਤਾ ਬਣ ਚੁੱਕਾ ਹੈ।

ਸਾਡੇ ਪਿਤਾ ਇਸ ਜੀਉਣ ਦੀਆਂ ਵਸਤਾਂ ਸਾਨੂੰ ਦੇਣ ਤੋਂ ਇਨੰਕਾਰ ਨਹੀਂ ਕਰਦੇ।

ਪਰਮੇਸ਼ਵਰ ਸਾਡਾ ਪਿਤਾ, ਸਾਨੂੰ ਇਸ ਤੋਂ ਵੀ ਘੱਟ ਉਹ
ਚੀਜ਼ਾਂ ਦੇਣ ਤੋਂ ਇੰਨਕਾਰ ਕਰੇਗਾ ਜੋ ਅਸੀਂ ਨਿਹਚਾ ਵਿੱਚ ਹੋ ਕੇ ਮੰਗਦੇ ਹਾਂ[1]।

1 ਮੱਤੀ 7:9-11, ਲੂਕਾ 11:11-13

## ਸਵਾਲ 121 "ਸੁਰਗ" ਵਿੱਚ ਸ਼ਬਦ ਇਸ ਪ੍ਰਾਰਥਨਾ ਵਿੱਚ ਕਿਉਂ ਹਨ ?

ਉੱਤਰ ਇਹ ਸ਼ਬਦ ਸਾਨੂੰ ਇਹ ਸਿਖਾਉਂਦੇ ਹਨ ਕਿ
ਅਸੀਂ ਪਰਮੇਸ਼ਵਰ ਦੀ ਸ਼ਾਨ ਵਾਰੇ ਜ਼ਮੀਨੀ ਚੀਜ਼ ਵਾਂਗ ਨਾਂ ਸੋਚੀਏ[1],
ਅਤੇ ਸਰੀਰ ਅਤੇ ਜਾਨ ਵਾਸਤੇ ਲੋੜੀਂਦੀ ਹਰ ਵਸਤੂ ਦੀ
ਉਸ ਦੀ ਸਰਬਸ਼ਕਤੀਮਾਨ ਸਮਰੱਥਾ ਤੋਂ ਆਸ ਰੱਖੀਏ[2]।

1 ਯਿਰਮਿਯਾਹ 23:23-24, ਰਸੂਲਾਂ ਦੇ ਕਰੱਤਬ 17:24-25
2 ਮੱਤੀ 6:25-34, ਰੋਮੀਆਂ 8:31-32

## ਪ੍ਰਭੂ ਦਾ 47 ਵਾਂ ਦਿਨ

### ਸਵਾਲ 122 ਪ੍ਰਭੂ ਵਾਲੀ ਪ੍ਰਾਰਥਨਾ ਵਿੱਚ ਕੀਤੀ ਪਹਿਲੀ ਬੇਨਤੀ ਦਾ ਕੀ ਅਰਥ ਹੈ ?

**ਉੱਤਰ** "ਤੇਰਾ ਨਾਮ ਪਾਕ ਮੰਨਿਆ ਜਾਵੇ" ਦਾ ਅਰਥ ਹੁੰਦਾ ਹੈ

ਕਿ ਸਾਡੀ ਸਹਾਇਤਾ ਕਰ ਤਾਂ ਕਿ ਅਸੀਂ ਸੱਚਮੁੱਚ ਆਪ ਨੂੰ ਜਾਣ ਲਈਏ[1],
ਤੈਨੂੰ ਮੁਬਾਰਕ ਆਖੀਏ, ਤੇਰੀ ਬੰਦਗੀ ਕਰੀਏ ਅਤੇ ਤੇਰੇ ਸਾਰੇ ਕੰਮਾਂ ਲਈ
ਅਤੇ ਜੋ ਕੁੱਝ ਉਹਨਾਂ ਵਿੱਚੋਂ ਉਜਾਗਰ ਹੁੰਦਾ ਹੈ ਉਸ ਸੱਭ ਲਈ
ਤੇਰੀ ਉਸਤਤਿ ਕਰੀਏ, ਜਿਵੇਂ ਕਿ ਤੇਰੀ ਸਰਬਸ਼ਕਤੀਮਾਨ
ਸਮਰੱਥਾ, ਬੁੱਧ, ਤਰਸ, ਨਿਆਂ, ਦਯਾ ਅਤੇ ਸੱਚਾਈ ਲਈ[2]।

ਅਤੇ ਇਸ ਦਾ ਅਰਥ ਇਹ ਹੁੰਦਾ ਹੈ ਕਿ,

ਸਾਡੇ ਸਾਰੇ ਜੀਉਣ ਵਿੱਚ ਭਾਵ, ਜੋ ਵੀ ਅਸੀਂ ਸੋਚਦੇ,
ਆਖਦੇ ਅਤੇ ਕਰਦੇ ਹਾਂ, ਸਾਡੀ ਮੱਦਦ ਕਰ ਕਿ
ਅਸੀਂ ਉਸ ਦਾ ਨਿਰਦੇਸ਼ਨ ਇਸ ਤਰਾਂ ਕਰ ਸਕੀਏ,
ਤਾਂ ਕਿ ਤੇਰੇ ਨਾਮ ਦੀ ਸਾਡੇ ਕਰਕੇ ਕਦੇ ਵੀ ਨਿੰਦਿਆ
ਨਾਂ ਹੋਵੇ ਬਲਕਿ ਉਸ ਦਾ ਹਮੇਸ਼ਾ ਆਦਰ ਅਤੇ ਉਸਤਤਿ ਕੀਤੀ ਜਾਵੇ3।

1 ਯਿਰਮਿਯਾਹ 9:23-24, 31:33-34, ਮੱਤੀ 16:17, ਯੂਹੰਨਾ 17:3
2 ਕੂਚ 34:5-8, ਜ਼ਬੂਰ 145, ਯਿਰਮਿਯਾਹ 32:16-20, ਲੂਕਾ 1:46-55, 68-75, ਰੋਮੀਆਂ 11:33-36
3 ਜ਼ਬੂਰ 115:1, ਮੱਤੀ 5:16



## ਪ੍ਰਭੂ ਦਾ 48ਵਾਂ ਦਿਨ

### ਸਵਾਲ 123 ਦੂਸਰੀ ਬੇਨਤੀ ਦਾ ਕੀ ਅਰਥ ਹੁੰਦਾ ਹੈ ?

**ਉੱਤਰ** "ਤੇਰਾ ਰਾਜ ਆਵੇ" ਦਾ ਅਰਥ ਹੁੰਦਾ ਹੈ,

ਆਪਣੇ ਬਚਨ ਅਤੇ ਆਤਮਾ ਦੇ ਦੁਆਰਾ ਸਾਡੇ ਉੱਤੇ
ਇਸ ਤਰਾਂ ਰਾਜ ਕਰ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਆਪ ਦੇ ਅਧੀਨ ਹੋਈਏ[1]।

ਆਪ ਕਲੀਸੀਆਂ ਨੂੰ ਮਜ਼ਬੂਤ ਰੱਖ ਅਤੇ ਇਸ ਵਿੱਚ ਹੋਰ ਲੋਕਾਂ ਨੂੰ ਜੋੜ[2]।

ਸ਼ੈਤਾਨ ਦੇ ਕੰਮ ਦਾ ਨਾਸ ਕਰ,
ਹਰ ਸ਼ਕਤੀ ਦਾ ਨਾਸ ਕਰ, ਜੋ ਤੇਰੇ ਵਿਰੁੱਧ ਉੱਠਦੀ ਹੈ,
ਅਤੇ ਹਰ ਸਾਜਿਸ਼ ਦਾ ਜੋ ਤੇਰੀ ਬਾਣੀ ਦੇ ਵਿਰੁੱਧ ਖੜ੍ਹੀ ਹੁੰਦੀ ਹੈ[3]।

ਅਜਿਹਾ ਉਦੋਂ ਤੱਕ ਕਰ ਜਦੋਂ ਤੱਕ ਤੇਰਾ ਰਾਜ ਇੰਨਾ ਮੁਕੰਮਲ
ਅਤੇ ਸੰਪੂਰਨ ਨਾਂ ਬਣ ਜਾਵੇ ਕਿ ਇਸ ਵਿੱਚ ਆਪ ਹੀ ਸਰਬ ਪ੍ਰਧਾਨ ਹੋਵੇਂ[4]।

1 ਜ਼ਬੂਰ 119:5, 105, 143:10, ਮੱਤੀ 6:33
2 ਜ਼ਬੂਰ 122:6-9, ਮੱਤੀ 16:18, ਰਸੂਲਾਂ ਦੇ ਕਰੱਤਬ 2:42-47
3 ਰੋਮੀਆਂ 16:20, ਪਹਿਲਾ ਯੂਹੰਨਾ 3:8
4 ਰੋਮੀਆਂ 8:22-23, ਪਹਿਲਾ ਕੁਰਿੰਥੀਆਂ 15:28, ਪ੍ਰਕਾਸ਼ ਦੀ ਪੋਥੀ 22:17, 20

## ਪ੍ਰਭੂ ਦਾ 49ਵਾਂ ਦਿਨ

### ਸਵਾਲ 124 ਤੀਸਰੀ ਬੇਨਤੀ ਦਾ ਕੀ ਅਰਥ ਹੁੰਦਾ ਹੈ ?

ਉੱਤਰ "ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ, ਜਮੀਨ ਉੱਤੇ ਵੀ ਹੋਵੇ" ਦਾ ਅਰਥ ਹੁੰਦਾ ਹੈ,

ਸਾਡੀ ਅਤੇ ਸੱਭ ਲੋਕਾਂ ਦੀ ਮੱਦਦ ਕਰ ਕਿ
ਅਸੀਂ ਆਪਣੀਆਂ ਇੱਛਾਵਾਂ ਦਾ ਤ੍ਰਿਸਕਾਰ ਕਰੀਏ
ਅਤੇ ਬਿਨ੍ਹਾਂ ਜਵਾਬ ਦਿੱਤਿਆਂ ਆਪ ਦੀ ਇੱਛਾ ਦਾ ਆਗਿਆਪਾਲਨ ਕਰੀਏ।
ਸਿਰਫ ਤੇਰੀ ਇੱਛਾ ਹੀ ਭਲੀ ਹੈ[1]।

ਸਾਡੀ ਇੱਕ ਦੀ ਅਤੇ ਸਭਨਾਂ ਦੀ ਸਹਾਇਤਾ ਕਰ ਕਿ ਅਸੀਂ
ਉਸ ਕੰਮ ਨੂੰ ਉਸ ਤਰਾਂ ਵਫਾਦਾਰੀ ਅਤੇ ਚਾਹੁੰਦੇ ਹੋਏ ਪੂਰਾ ਕਰੀਏ[2]
ਜਿਵੇਂ ਕਿ ਸੁਰਗ ਵਿੱਚ ਸੁਰਗਦੂਤ ਕਰਦੇ ਹਨ[3]।

1 ਮੱਤੀ 7:21, 16:24-26, ਲੂਕਾ 22:42, ਰੋਮੀਆਂ 12:1-2, ਤੀਤੁਸ 2:11-12
2 ਪਹਿਲਾ ਕੁਰਿੰਥੀਆਂ 7:17-24, ਅਫਸੀਆਂ 6:5-9
3 ਜ਼ਬੂਰ 103:20-21



## ਪ੍ਰਭੂ ਦਾ 50ਵਾਂ ਦਿਨ

### ਸਵਾਲ 125 ਚੋਥੀ ਬੇਨਤੀ ਦਾ ਕੀ ਅਰਥ ਹੁੰਦਾ ਹੈ ?

ਉੱਤਰ "ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦੇਹ" ਦਾ ਅਰਥ ਹੁੰਦਾ ਹੈ,

ਸਾਡੀਆਂ ਸਾਰੀਆਂ ਸਰੀਰਕ ਜ਼ਰੂਰਤਾਂ ਦੀ ਦੇਖਭਾਲ ਕਰ[1]
ਤਾਂ ਕਿ ਅਸੀਂ ਜਾਣ ਲਈਏ ਕਿ
ਹਰ ਭਲੀ ਵਸਤੂ ਦਾ ਇੱਕੋ ਇੱਕ ਸੋਤਾ ਤੂੰ ਹੀ ਹੈ[2],
ਅਤੇ ਨਾਂ ਤਾਂ ਸਾਡਾ ਕੰਮ ਅਤੇ ਚਿੰਤਾ, ਨਾਂ ਹੀ
ਆਪ ਦੇ ਬਰਦਾਨ, ਤੇਰੀ ਬਰਕਤ ਤੋਂ ਬਗੈਰ ਸਾਡੀ
ਕੋਈ ਭਲਾਈ ਕਰ ਸਕਦੇ ਹਨ [3]।

ਅਤੇ ਇਸ ਤਰਾਂ ਸਾਡੀ ਮੱਦਦ ਕਰ ਕਿ ਅਸੀਂ ਆਪਣਾ
ਭਰੋਸਾ ਸਰਿਸ਼ਟੀ ਦੇ ਪ੍ਰਾਣੀਆਂ ਵਿੱਚੋਂ ਛੱਡੀਏ ਅਤੇ ਆਪਣਾ ਭਰੋਸਾ
ਸਿਰਫ ਤੇਰੇ ਵਿੱਚ ਹੀ ਰੱਖੀਏ[4]।

1 ਜ਼ਬੂਰ 104:27-30, 145:15-16, ਮੱਤੀ 6:25-34
2 ਰਸੂਲਾਂ ਦੇ ਕਰਤੱਬ 14:17, 17:25, ਯਾਕੂਬ 1:17
3 ਬਿਵਸਥਾ ਸਾਰ 8:3, ਜ਼ਬੂਰ 37:16, 127:1-2, ਪਹਿਲਾ ਕੁਰਿੰਥੀਆਂ 15:58
4 ਜ਼ਬੂਰ 55:22, 62, 146, ਯਿਰਮਿਯਾਹ 17:5-8, ਇਬਰਾਨੀਆਂ 13:5-6

## ਪ੍ਰਭੂ ਦਾ 51ਵਾਂ ਦਿਨ

### ਸਵਾਲ 126 ਪੰਜਵੀਂ ਬੇਨਤੀ ਦਾ ਕੀ ਅਰਥ ਹੁੰਦਾ ਹੈ ?

ਉੱਤਰ "ਸਾਡੇ ਕਰਜ਼ ਸਾਨੂੰ ਮਾਫ ਕਰ ਜਿਵੇਂ ਅਸੀਂ ਵੀ ਆਪਣੇ
ਕਰਜ਼ਾਈਆਂ ਨੂੰ ਮਾਫ ਕੀਤਾ ਹੈ", ਦਾ ਅਰਥ ਹੁੰਦਾ ਹੈ ਕਿ

ਮਸੀਹ ਦੇ ਲਹੂ ਦੇ ਕਾਰਨ,
ਅਸੀਂ ਜੋ ਲਾਚਾਰ ਪਾਪੀ ਹਾਂ, ਸਾਡੇ ਵਿਰੁੱਧ ਉਨ੍ਹਾਂ ਪਾਪਾਂ ਦਾ ਕੋਈ ਵੀ ਦੋਸ਼ ਨਾਂ ਲਾ,
ਜੋ ਅਸੀਂ ਕਰਦੇ ਹਾਂ, ਨਾਂ ਹੀ ਉਸ ਬੁਰਾਈ ਦਾ ਜੋ ਲਗਾਤਾਰ
ਸਾਡੇ ਨਾਲ ਚਿੰਬੜੀ ਰਹਿੰਦੀ ਹੈ[1]।

ਸਾਨੂੰ ਮਾਫ ਕਰ, ਠੀਕ ਜਿਸ ਤਰਾਂ ਸਾਡੇ ਅੰਦਰ ਤੇਰੀ ਕਿਰਪਾ
ਦੇ ਸਬੂਤ ਵਜੋਂ, ਅਸੀਂ ਆਪਣੇ ਗੁਆਂਢੀਆਂ ਨੂੰ ਮਾਫ ਕਰਨ
ਲਈ ਪੂਰਾ ਮਨ ਬਣਾਇਆ ਹੋਇਆ ਹੈ[2]।

1 ਜ਼ਬੂਰ 51:1-7, 143:2, ਰੋਮੀਆਂ 8:1, ਪਹਿਲਾ ਯੂਹੰਨਾ 2:1-2
2 ਮੱਤੀ 6:14-15, 18:21-35



## ਪ੍ਰਭੂ ਦਾ 52 ਵਾਂ ਦਿਨ

### ਸਵਾਲ 127 ਛੇਵੀਂ ਬੇਨਤੀ ਦਾ ਕੀ ਅਰਥ ਹੁੰਦਾ ਹੈ ?

ਉੱਤਰ ਅਤੇ "ਸਾਨੂੰ ਪਰਤਾਵੇ ਵਿੱਚ ਨਾਂ ਲਿਆ,
ਸਗੋਂ ਬੁਰਿਆਈ ਤੋਂ ਬਚਾ" ਦਾ ਅਰਥ ਹੁੰਦਾ ਹੈ ਕਿ,

ਅਸੀਂ ਆਪਣੇ ਆਪ ਨੂੰ ਖੁਦ ਇੱਕ ਪਲ ਲਈ ਵੀ
ਸੰਭਾਲਣ ਵਾਸਤੇ ਬਹੁਤ ਕਮਜ਼ੋਰ ਹਾਂ[1]।

ਅਤੇ ਸਾਡੇ ਪੱਕੇ ਵੈਰੀ ਭਾਵ
ਸ਼ੈਤਾਨ[2], ਜਗਤ[3], ਅਤੇ ਸਾਡਾ ਖੁਦ ਦਾ ਸਰੀਰ[4],
ਇਹ ਕਦੇ ਵੀ ਸਾਡੇ ਉੱਤੇ ਧਾਵਾ ਬੋਲਣ ਤੋਂ ਨਹੀਂ ਰੁਕਦੇ।
ਅਤੇ ਇਸ ਕਰਕੇ, ਹੇ ਪ੍ਰਭੂ, ਸਾਨੂੰ ਸੰਭਾਲ ਅਤੇ ਆਪਣੇ
ਪਵਿੱਤਰ ਆਤਮਾ ਦੇ ਬਲ ਨਾਲ ਸਾਨੂੰ ਤਕੜੇ ਕਰ।
ਤਾਂ ਕਿ ਇਸ ਆਤਮਿਕ ਜੱਦੋ-ਜਹਿਦ ਵਿੱਚ ਅਸੀ
ਹਾਰ ਕੇ ਢਹਿ ਢੇਰੀ ਨਾ ਹੋ ਸਕੀਏ[5],
ਬਲਕਿ ਆਪਣੇ ਵੈਰੀਆਂ ਦਾ ਪੱਕੇ ਤੌਰ ਤੇ ਸਾਹਮਣਾ ਕਰੀਏ
ਜਦੋਂ ਤੱਕ ਅਸੀਂ ਅੰਤ ਵਿੱਚ ਪੂਰਨ ਫਤਹਿ ਨਹੀਂ ਪਾ ਲੈਂਦੇ[6]।

1 ਜ਼ਬੂਰ 103:14-16, ਯੂਹੰਨਾ 15:1-5
2 ਦੂਸਰਾ ਕੁਰਿੰਥੀਆਂ 11:14, ਅਫਸੀਆਂ 6:10-13, ਪਹਿਲਾ ਪਤਰਸ 5:8
3 ਯੂਹੰਨਾ 15:18-21
4 ਰੋਮੀਆਂ 7:23, ਗਲਾਤੀਆਂ 5:17
5 ਮੱਤੀ 10:19-20, 26:41, ਮਰਕੁਸ 13:33, ਰੋਮੀਆਂ 5:3-5
6 ਪਹਿਲਾ ਕੁਰਿੰਥੀਆਂ 10:13, ਪਹਿਲਾ ਥੱਸੁਲੁਨੀਕੀਆਂ 3:13, 5:23

### ਸਵਾਲ 128 ਇਸ ਪ੍ਰਾਰਥਨਾ ਦੇ ਆਪਦੇ ਸਿੱਟੇ ਤੋਂ ਕੀ ਅਰਥ ਹੈ ?

ਉੱਤਰ ਕਿਉਂਕਿ ਰਾਜ, ਸਮਰੱਥਾ ਅਤੇ
ਮਹਿਮਾ ਸਦਾ ਤੇਰੀ ਹੀ ਹੈ;
ਦਾ ਅਰਥ ਹੁੰਦਾ ਹੈ ਕਿ

ਅਸੀਂ ਇਹ ਸਾਰੀਆਂ ਬੇਨਤੀਆਂ ਤੇਰੇ ਅੱਗੇ ਇਸ ਕਰਕੇ ਕੀਤੀਆਂ ਹਨ
ਕਿਉਂਕਿ ਸਾਡਾ ਸਰਬਸ਼ਕਤੀਮਾਨ ਰਾਜਾ ਹੁੰਦੇ ਹੋਇਆਂ,
ਆਪ ਸਿਰਫ ਉਹ ਦੇਣ ਦੀ ਖਾਹਿਸ਼ ਹੀ ਨਹੀਂ ਰੱਖਦੇ
ਬਲਕਿ ਸਾਨੂੰ ਉਹ ਸੱਭ ਦੇਣ ਦੇ ਯੋਗ ਹੋ ਜੋ ਕਿ ਭਲਾ ਹੈ[1]।
ਅਤੇ ਕਿਉਂਕਿ ਅਸਾਨੂੰ ਖੁਦ ਨੂੰ ਨਹੀਂ,
ਬਲਕਿ ਤੇਰੇ ਪਵਿੱਤਰ ਨਾਮ ਨੂੰ ਹੀ ਸਦਾ ਸਾਰੀ ਉਸਤਤਿ ਮਿਲਣੀ ਚਾਹੀਦੀ ਹੈ[2]।

1 ਰੋਮੀਆਂ 10:11-13, ਦੂਸਰਾ ਪਤਰੱਸ 2:9
2 ਜ਼ਬੂਰ 115:1, ਯੂਹੰਨਾ 14:13

**ਸਵਾਲ129 ਇਹ ਛੋਟਾ ਸ਼ਬਦ "ਆਮੀਨ" ਕੀ ਜ਼ਾਹਿਰ ਕਰਦਾ ਹੈ ?**

**ਉੱਤਰ** ਆਮੀਨ ਦਾ ਅਰਥ ਹੁੰਦਾ ਹੈ ਕਿ
ਇਹ ਸੱਚਮੁੱਚ ਹੋਣਾ ਹੀ ਹੈ !

ਇਹ ਤਾਂ ਹੋਰ ਵੀ ਜ਼ਿਆਦਾ ਪੱਕੀ ਗੱਲ ਹੈ
ਕਿ ਪਰਮੇਸ਼ਵਰ ਮੇਰੀ ਪ੍ਰਾਰਥਨਾ ਸੁਣਦਾ ਹੈ
ਇਸ ਨਾਲੋਂ ਵੀ ਕਿ ਮੈਂ ਸੱਚਮੁੱਚ ਉਸ ਦੀ ਖਾਹਿਸ਼ ਕਰਦਾ ਹਾਂ,
ਜਿਸ ਵਾਸਤੇ ਮੈਂ ਪ੍ਰਾਰਥਨਾ ਕਰਦਾ ਹਾਂ[1]।

1 ਯਸਾਯਾਹ 65:24, ਦੂਸਰਾ ਕੁਰਿੰਥੀਆਂ 1:20, ਦੂਸਰਾ ਤਿਮੋਥਿਉਸ 2:13